# ਅਧਿਆਇ 19

# ''ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰੀਂ''

ਲੇਵੀਆਂ ਦੀ ਪੋਥੀ 19 ਯਹੋਵਾਹ ਨੇ ਆਪਣੇ ਲੋਕਾਂ ਨੂੰ ਇਹ ਸਿਖਾਉਣਾ ਜ਼ਾਰੀ ਰੱਖਿਆ ਕਿ ਉਨ੍ਹਾਂ ਲਈ ਉਹਦੇ ਵਾਂਗ ''ਪਵਿੱਤਰ ਹੋਣ'' ਲਈ ਕੀ ਕਰਨਾ ਜ਼ਰੂਰੀ ਸੀ (19:2)। ਉਨ੍ਹਾਂ ਨੂੰ ਦੱਸਿਆ ਗਿਆ ਸੀ, ''ਆਪਣੇ ਗੁਆਂਢੀ ਨਾਲ ਆਪਣੇ ਜੇਹਾ ਪਿਆਰ ਕਰੀਂ'' (19:18)। ਇਸ ਕਰਕੇ ਯਹੋਵਾਹ ਦਾ ਧਿਆਨ ਸਰੀਰਕ ਸਬੰਧਾਂ ਤੋਂ ਸਮਾਜਿਕ ਸਬੰਧਾਂ ਵੱਲ ਚਲਿਆ ਗਿਆ ਸੀ। ਇਸਰਾਏਲੀਆਂ ਲਈ ਪਵਿੱਤਰ ਹੋਕੇ ਪਰਮੇਸ਼ੁਰ ਨੂੰ ਭਾਉਣ ਲਈ, ਦੂਜਿਆਂ ਨਾਲ ਸਹੀ ਸਲੂਕ ਕਰਨਾ ਜ਼ਰੂਰੀ ਸੀ।

ਯਹੋਵਾਹ ਨੇ ਰਸਮਾਂ ਸਬੰਧੀ ਨਿਯਮਾਂ ਅਤੇ ਬੁੱਤਪ੍ਰਸਤੀ ਦੀ ਮਨਾਹੀ ਸਣੇ ਹੋਰਨਾਂ ਮਾਮਲਿਆਂ ਤੇ ਵੀ ਗੱਲ ਕੀਤੀ ਸੀ। ਅਸਲ ਵਿਚ ਐਨੇ ਵਿਸ਼ਿਆਂ ਦੀ ਗੱਲ ਕੀਤੀ ਗਈ ਹੈ ਕਿ ਟੀਕਾਕਾਰ ਕਈ ਵਾਰ ਇਸ ਨਿਯਮ ਨੂੰ ''ਵਾਧੂ ਨਿਯਮ'' ਜਾਂ ''ਫੁਟਕਲ ਨਿਯਮ'' ਦਾ ਨਾਂਅ ਦੇ ਦਿੰਦੇ ਹਨ।

ਪਰ, ਇਨ੍ਹਾਂ ਸਭਨਾਂ ''ਫੁਟਕਲ ਨਿਯਮਾਂ'' ਨੂੰ ਇਕ ਅਣਡਿੱਠੇ ਵਿਸ਼ੇ ''ਆਪਣੇ ਗੁਆਢੀਂ ਨਾਲ ਆਪਣੇ ਜੇਹਾ ਪਿਆਰ ਕਰੀਂ'' ਨਾਲ ਮਿਲਾ ਦਿੱਤਾ ਜਾਣਾ ਸੰਭਵ ਹੈ। ਜਦ ਕੋਈ ਵਿਅਕਤੀ ਪਰਮੇਸ਼ੁਰ ਨੂੰ ਪਿਆਰ ਕਰਦਾ ਅਤੇ ਉਸਦਾ ਹੁਕਮ ਮੰਨਦਾ ਹੈ ਤਾਂ ਉਹ ਇਕ ਬੇਹਤਰ ਇਨਸਾਨ ਅਤੇ ਗੁਆਂਢੀ ਬਣ ਜਾਂਦਾ ਹੈ। ਜੇ ਇਹ ਗੱਲ ਮੰਨ ਲਈ ਜਾਵੇ ਤਾਂ ਇਨ੍ਹਾਂ ਨਿਯਮਾਂ ਨੂੰ ਗੁਆਂਢੀ ਨਾਲ ਪਿਆਰ ਕਰਨ, ਜਾਂ ਦੂਜਿਆਂ ਦਾ ਭਲਾ ਕਰਨ ਦੇ ਵਿਚਾਰ ਨਾਲ ਜੋੜਿਆ ਜਾ ਸਕਦਾ ਹੈ।

## ਜਾਣ-ਪਛਾਣ: ਨਿਯਮਾਂ ਦਾ ਦੇਣ ਵਾਲਾ (19:1, 2)

**1ਤਾਂ ਯਹੋਵਾਹ ਮੂਸਾ ਨਾਲ ਬੋਲਿਆ ਕਿ 2ਇਸਰਾਏਲੀਆਂ ਦੀ ਸਾਰੀ ਮੰਡਲੀ ਨੂੰ ਐਉਂ ਬੋਲ, ਤੁਸੀਂ ਪਵਿੱਤਰ ਹੋਵੋ ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਪਵਿੱਤਰ ਹਾਂ।**

ਪਿਛਲੇ ਭਾਗਾਂ ਵਾਂਗ, ਇਸ ਪਾਠ ਦਾ ਅਰੰਭ ਵੀ ਉਸ ਐਲਾਨ ਨਾਲ ਹੁੰਦਾ ਹੈ ਕਿ ਇਸ ਪੈਰ੍ਹੇ ਵਿਚ ਨਿਯਮ ਕਿਸ ਨੇ ਦਿੱਤੇ ਸਨ।

**ਆਇਤਾਂ 1, 2.** ਇਹ ਨਿਯਮ ਕਿਸੇ ਨੇੜਲੀ ਪੂਰਬੀ ਰਵਾਇਤ ਤੋਂ ਨਹੀਂ ਮਿਲੇ ਸਨ ਜਿਸ ਨੂੰ ਇਸਰਾਏਲੀਆਂ ਦੇ ਪੁਰਖਿਆਂ ਵੱਲੋਂ ਪੁਰਾਣੇ ਜ਼ਮਾਨੇ ਵਿਚ ਜਾਂ ਹਾਲ ਦੇ ਰੱਬੀਆਂ ਦੇ ਸੰਪਾਦਕਾਂ ਵੱਲੋਂ ਅਪਨਾਉਣ ਤੋਂ ਬਾਅਦ ਮੰਨ ਲਿਆ ਗਿਆ ਹੋਵੇ। ਇਸ ਦੇ ਉਲਟ ਇਹ ਉਦੋਂ ਦਿੱਤੇ ਗਏ ਸਨ **ਜਦ ਯਹੋਵਾਹ ਮੂਸਾ ਨਾਲ ਬੋਲਿਆ** ਜਿਸ ਨੂੰ ਉਹ ਗੱਲ ਅੱਗੇ **ਇਸਰਾਏਲੀਆਂ** ਨੂੰ ਸੌਂਪ ਦੇਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।

ਉਦੋਂ ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਸੰਦੇਸ਼ ਦਾ ਅਰੰਭ ਆਪਣੇ ਲੋਕਾਂ ਲਈ ਇਕ ਮਕਸਦ ਨੂੰ ਦੁਹਰਾਉਣ ਨਾਲ ਇਸ ਕਰਕੇ ਹੋਇਆ ਕਿ ਉਹ ਚਾਹੁੰਦਾ ਸੀ ਕਿ ਉਹ **ਪਵਿੱਤਰ ਹੋਣ** ਜਿਵੇਂ ਉਹ ਆਪ ਪਵਿੱਤਰ ਹੈ (ਵੇਖੋ 11:44, 45)। ਇਸ ਕਰਕੇ, ਅੱਗੇ ਦਿੱਤੇ ਗਏ ਨਿਯਮ ਇਸਰਾਏਲੀਆਂ ਨੂੰ

ਪਵਿੱਤਰ ਕੌਮ ਜਿਹੜੀ **ਪਰਮੇਸ਼ੁਰ** ਨੇ ਉਨ੍ਹਾਂ ਨੂੰ ਬਣਨ ਲਈ ਸੱਦਿਆ ਸੀ, ਬਣਨ ਵਿਚ ਮਦਦ ਲਈ ਦਿੱਤੇ ਗਏ ਸਨ। ਪਰਮੇਸ਼ੁਰ ਨੇ ਕਾਨੂੰਨੀ ਸਮੱਗਰੀ ਦੇ ਇਸ ਭਾਗ ਦੀ ਜਾਣ–ਪਛਾਣ ਆਪਣੇ ''ਪਵਿੱਤਰ'' ਹੋਣ ਨੂੰ ਦੱਸ ਕੇ ਖ਼ਤਮ ਕੀਤੀ। ਪਰਮੇਸ਼ੁਰ ਪਵਿੱਤਰਤਾਈ ਦੀ ਵਜ੍ਹਾ ਵੀ ਹੈ ਅਤੇ ਨਮੂਨਾ ਵੀ।

ਅਧਿਆਇ ਨੂੰ ਸਭ ਹੁਕਮਾਂ ਨੂੰ ਮੰਨਣ (19:3–10), ਆਪਣੇ ਸਾਥੀ ਨਾਲ ਪਿਆਰ ਕਰਨ (19: 11–18), ਅਤੇ ਕੌਮ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਣ (19: 19–37) ਦੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।[1]

## ਸਾਰੇ ਦੇ ਸਾਰੇ ਹੁਕਮਾਂ ਨੂੰ ਮੰਨਣਾ (19:3-10)

**3ਤੁਸਾਂ ਆਪੋ ਆਪਣੀ ਮਾਂ ਅਤੇ ਆਪਣੇ ਪਿਉ ਤੋਂ ਡਰਨਾ ਅਤੇ ਮੇਰਿਆਂ ਸੱਬਤਾਂ ਨੂੰ ਧਿਆਨ**
**ਰੱਖਣਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 4ਤੁਸਾਂ ਠਾਕੁਰਾਂ ਵੱਲ ਧਿਆਨ ਨਾ ਕਰਨਾ, ਨਾ ਆਪਣੇ**
**ਲਈ ਢਾਲਵੀਆਂ ਮੂਰਤਾਂ ਬਣਾਉਣੀਆਂ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 5ਅਤੇ ਜੇ ਤੁਸੀਂ ਯਹੋਵਾਹ**
**ਦੇ ਅੱਗੇ ਸੁਖ ਸਾਂਦ ਦੀਆਂ ਭੇਟਾਂ ਦੀ ਬਲੀ ਚੜ੍ਹਾਓ, ਤਾਂ ਤੁਸਾਂ ਆਪਣੇ ਕਬੂਲੇ ਜਾਣ ਲਈ ਚੜ੍ਹਾਉਣੀ**
**6ਉਹ ਓਸੇ ਦਿਨ ਜਿਸ ਦਿਨ ਵਿੱਚ ਤੁਸੀਂ ਉਸ ਨੂੰ ਚੜ੍ਹਾਓ ਅਤੇ ਅਗਲੇ ਭਲਕ ਖਾਧੀ ਜਾਏ ਅਤੇ ਜੇ**
**ਕਦੀ ਤੀਜੇ ਦਿਨ ਤੋੜੀ ਕੁਝ ਰਹਿ ਜਾਏ ਤਾਂ ਉਹ ਅੱਗ ਵਿੱਚ ਸਾੜੀ ਜਾਵੇ 7ਅਤੇ ਜੇ ਉਹ ਤੀਜੇ ਦਿਨ**
**ਨੂੰ ਕੁਝ ਖਾਧੀ ਨਾ ਜਾਏ, ਉਹ ਮਾੜੀ ਗੱਲ ਹੈ, ਉਹ ਕਬੂਲ ਨਾ ਕੀਤੀ ਜਾਵੇਗੀ 8ਇਸ ਲਈ ਜਿਹੜਾ**
**ਉਸ ਨੂੰ ਖਾਵੇ ਸੋ ਉਸ ਦਾ ਦੋਸ਼ ਉਸ ਦੇ ਜੁੰਮੇ ਹੈ ਕਿਉਂ ਜੋ ਉਸ ਨੇ ਯਹੋਵਾਹ ਦੀ ਪਵਿੱਤਰ ਵਸਤ ਨੂੰ**
**ਭ੍ਰਿਸ਼ਟ ਕੀਤਾ ਅਤੇ ਉਹ ਪ੍ਰਾਣੀ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ। 9ਅਤੇ ਜਿਸ ਵੇਲੇ ਤੁਸੀਂ ਆਪਣੀ**
**ਧਰਤੀ ਦੀ ਵਾਢੀ ਕਰੋ ਤਾਂ ਤੂੰ ਮੂਲੋਂ ਆਪਣੀ ਪੈਲ਼ੀ ਦੀਆਂ ਨੁੱਕਰਾਂ ਦੀ ਵਾਢੀ ਨਾ ਕਰੀਂ, ਨਾ ਤੂੰ ਆਪਣੀ**
**ਵਾਢੀ ਦਾ ਸਿਲਾ ਸਾਭੀਂ 10ਅਤੇ ਤੂੰ ਆਪਣੇ ਦਾਖਾਂ ਦੇ ਬਾਗਾਂ ਦਾ ਸਿਲਾ ਨਾ ਚੁਗੀਂ, ਤੂੰ ਆਪਣੇ ਦਾਖਾਂ**
**ਦੇ ਬਾਗਾਂ ਦੇ ਸਾਰੇ ਦਾਣੇ ਨਾ ਸਾਭੀਂ, ਤੂੰ ਕੰਗਾਲ ਅਤੇ ਓਪਰੇ ਦੇ ਲਈ ਛੱਡ ਦੇਈਂ। ਮੈਂ ਯਹੋਵਾਹ**
**ਤੁਹਾਡਾ ਪਰਮੇਸ਼ੁਰ ਹਾਂ।**

ਨਿਯਮਾਂ ਦੇ ਇਸ ਪਹਿਲੇ ਸਮੂਹ ਵਿਚ ਭਾਵੇਂ ਕਈ ਵਿਸ਼ਿਆਂ ਤੇ ਗੱਲ ਕੀਤੀ ਗਈ ਹੈ ਪਰ ਇਸ ਵਿਚ ਉਨ੍ਹਾਂ ਸਭ ਨਿਯਮਾਂ ਨੂੰ ਮੰਨਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ ਜਿਹੜੇ ਪਰਮੇਸ਼ੁਰ ਨੇ ਦਿੱਤੇ ਹਨ। ਹਰ ਇਸਰਾਏਲੀ ਲਈ ਪਰਮੇਸ਼ੁਰ ਦੇ ਸਾਰਿਆਂ ਹੁਕਮਾਂ ਨੂੰ ਮੰਨਣਾ ਜ਼ਰੂਰੀ ਸੀ, ਉਹ ਹੁਕਮ ਭਾਵੇਂ ਪਰਮੇਸ਼ੁਰ ਨਾਲ ਉਸ ਦੇ ਸਬੰਧ ਤੇ ਹੋਣ ਜਾਂ ਹੋਰਨਾਂ ਲੋਕਾਂ ਨਾਲ ਉਹਦੇ ਸਬੰਧਾਂ ਤੇ।

**ਆਇਤ 3.** ਪਰਮੇਸ਼ੁਰ ਨੇ ਇਨ੍ਹਾਂ ਵਿਧੀਆਂ ਦੀ ਆਪਣੀ ਪੇਸ਼ਕਸ਼ ਨੂੰ ਦੋ ਗਿਆਤ ਨਿਯਮਾਂ ਨਾਲ ਸ਼ੁਰੂ ਕੀਤਾ। ਕਿਸੇ ਲਈ **ਆਪਣੀ ਮਾਂ ਅਤੇ ਆਪਣੇ ਪਿਉ ਤੋਂ ਡਰਨਾ** ਅਤੇ ਯਹੋਵਾਹ ਦੇ **ਸੱਬਤਾਂ ਨੂੰ** ਪਵਿੱਤਰ **ਰੱਖਣਾ** ਦਸਾਂ ਹੁਕਮਾਂ ਵਿੱਚੋਂ ਦੋ ਹੁਕਮ ਹਨ (ਕੂਚ 20:8, 12; ਬਿਵਸਥਾ ਸਾਰ 5: 12, 16)। ਇਸ ਅਧਿਆਇ ਵਿਚ ਇਹੀ ਨਹੀਂ, ਬਲਕਿ ਦਸ ਦੇ ਦਸੇ ਹੁਕਮ ਦੁਹਰਾਏ ਗਏ ਹਨ। ਇਸਰਾਏਲੀਆਂ ਲਈ ਪਰਮੇਸ਼ੁਰ ਦੇ ਪਵਿੱਤਰ ਲੋਕ ਹੋਣ ਲਈ ਉਸ ਨੇਮ ਦੀਆਂ ਬੁਨਿਆਦੀ ਸ਼ਰਤਾਂ ਨੂੰ, ਜਿਹੜਾ ਉਸਨੇ ਉਨ੍ਹਾਂ ਨਾਲ ਬੰਨ੍ਹਿਆ ਸੀ, ਮੰਨਣਾ ਜ਼ਰੂਰੀ ਸੀ (ਵੇਖੋ ਕੂਚ 19; 20)। ਪਰਮੇਸ਼ੁਰ ਦੇ ਇਨ੍ਹਾਂ ਨਿਯਮਾਂ ਦੇ ਮਗਰ ਇਖ਼ਤਿਆਰ ਪੂਰੇ ਅਧਿਆਇ ਵਿਚ **ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ** ਅਤੇ ''ਮੈਂ ਯਹੋਵਾਹ ਹਾਂ'' ਵਾਕਾਂ ਨਾਲ ਦੱਸਿਆ ਗਿਆ ਹੈ (19:3, 4, 10, 12, 14, 16, 18, 25, 28, 30, 31, 32, 34, 36, 37)।

**ਆਇਤ 4.** ਦਸ ਹੁਕਮਾਂ ਵਿੱਚੋਂ ਦੋ ਹੋਰ ਹੁਕਮ ਇੱਥੇ ਦੁਹਰਾਏ ਗਏ ਹਨ: **ਤੁਸਾਂ ਠਾਕੁਰਾਂ ਵੱਲ ਧਿਆਨ ਨਾ ਕਰਨਾ,** ''ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ'' (ਕੂਚ 20:3), ਅਤੇ **ਆਪਣੇ**

**ਲਈ ਢਾਲਵੀਆਂ ਮੂਰਤਾਂ [ਨਹੀਂ] ਬਣਾਉਣੀਆਂ** ਅਤੇ ''ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ'' (ਕੂਚ 20:4; ਵੇਖੋ ਲੇਵੀਆਂ 26:1) ਵਾਂਗ ਹੀ ਹੈ। ਇਹ ਮੂਸਾ ਦੀ ਸ਼ਰ੍ਹਾ ਦੀਆਂ ਸਭ ਤੋਂ ਬੁਨਿਆਦੀ ਸ਼ਰਤਾਂ ਸਨ; ਜਿੰਨੀ ਦੇਰ ਤਕ ਇਸਰਾਏਲੀਆਂ ਨੇ ਪਰਮੇਸ਼ੁਰ ਦੀ ਬੰਦਗੀ ਨਹੀਂ ਕਰਨੀ ਸੀ ਓਨੀ ਦੇਰ ਤਕ ਉਹ ਪਰਮੇਸ਼ੁਰ ਦੇ ਨੇਮ ਦੇ ਲੋਕ ਨਹੀਂ ਗਿਣੇ ਜਾ ਸਕਦੇ ਸਨ। ਅਸਲ ਵਿਚ ਇਸਰਾਏਲੀ ਬਾਰ–ਬਾਰ ਹੋਰਨਾਂ ਦੇਵਤਿਆਂ ਵੱਲ ਮੁੜਨ ਦੀ ਪਰੀਖਿਆ ਵਿਚ ਪੈ ਜਾਂਦੇ ਸਨ ਅਤੇ ਜਦ ਉਹ ਪਰੀਖਿਆ ਵਿਚ ਪੈ ਜਾਂਦੇ ਸਨ ਤਾਂ ਸਾਫ਼ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਸ਼ਜਾ ਦਿੰਦਾ ਸੀ।

**ਆਇਤਾਂ 5-8.** 19:5 ਵਿਚ ਵਿਸ਼ਾ ਅਚਾਨਕ ਬਦਲ ਗਿਆ ਲਗਦਾ ਹੈ, ਜਿਸ ਵਿਚ **ਸੁਖ ਸਾਂਦ ਦੀਆਂ ਭੇਟਾਂ** ਸਬੰਧੀ ਯੋਹਵਾਹ ਦੀਆਂ ਹਦਾਇਤਾਂ ਹਨ। ਇਸ ਪੈਰ੍ਹੇ ਵਿਚਲਾ ਨਿਯਮ, ਪਹਿਲਾਂ ਦਿੱਤੇ ਗਏ ਨਿਯਮਾਂ ਨੂੰ ਦੁਹਰਾਉਂਦੇ ਹੋਏ (3:1; 7:15−18), ਭੇਟ ਲਿਆਉਣ ਵਾਲੇ ਵੱਲੋਂ ਸੁਖ ਸਾਂਦ ਦੀ ਭੇਟ ਦੇ ਭਾਗ ਵਿੱਚੋਂ **ਖਾਧੀ ਜਾਣ** ਦੇ ਨਿਯਮਾਂ ਨਾਲ ਸਬੰਧਿਤ ਹੈ। **ਕਬੂਲੇ ਜਾਣ** ਲਈ ਭੇਟ ਦਾ **ਓਸੇ ਦਿਨ ਜਿਸ ਦਿਨ** ਉਹ ਚੜ੍ਹਾਈ ਜਾਂਦੀ ਸੀ ਜਾਂ **ਅਗਲੇ ਭਲਕ** ਖਾਧਾ ਜਾਣਾ ਜ਼ਰੂਰੀ ਸੀ। ਜੇ **ਤੀਜੇ ਦਿਨ ਤੋੜੀ** ਕੁਝ ਮਾਸ ਬਚ ਜਾਂਦਾ ਤਾਂ ਜ਼ਰੂਰੀ ਸੀ ਕਿ ਇਹ **ਅੱਗ ਵਿੱਚ ਸਾੜੀ ਜਾਵੇ** (19:6)। ਤੀਜੇ ਦਿਨ ਮਾਸ ਵਿੱਚੋਂ ਕੁਝ ਖਾਣ ਨੂੰ **ਮਾੜੀ ਗੱਲ** ਮੰਨਿਆ ਜਾਣਾ ਜ਼ਰੂਰੀ ਸੀ (19:7)। **ਪਵਿੱਤਰ** ਵਸਤ ਨੂੰ ਭ੍ਰਸ਼ਟ ਕਰਨ ਕਰਕੇ ਇਸ ਨਿਯਮ ਦੀ ਉਲੰਘਣਾ ਕਰਨ ਵਾਲਾ ਕੋਈ ਵੀ ਵਿਅਕਤੀ, **ਆਪਣੇ ਲੋਕਾਂ ਵਿੱਚੋਂ ਛੇਕਿਆ** ਜਾਣਾ ਸੀ (19:8)।

ਇਹ ਨਿਯਮ ਕਿਉਂ ਜ਼ਰੂਰੀ ਸੀ? ਸੰਭਵ ਹੈ ਕਿ ਕੁਝ ਇਸਰਾਏਲੀਆਂ ਨੇ ਪਹਿਲਾਂ ਦਿੱਤੀਆਂ ਗਈਆਂ ਹਦਾਇਤਾਂ ਨੂੰ ਨਜ਼ਰਅੰਦਾਜ਼ ਕਰਨ ਦਾ ਰੁਝਾਨ ਵਿਖਾਇਆ ਸੀ। ਕੁਝ ਮਾਸ ਬਚਾ ਕੇ ਅਗਲੇ ਦਿਨ ਖਾਣ ਲਈ ਰੱਖਣ ਤੇ ਪਰਮੇਸ਼ੁਰ ਦੇ ਨਿਯਮ ਪ੍ਰਤੀ ਘਿਰਣਾ ਅਤੇ ਉਸ ਵਿਚ ਭਰੋਸੇ ਦੀ ਕਮੀ ਦਾ ਪਤਾ ਲੱਗਾ। ਇਹ ਇਹ ਕਹਿਣ ਵਾਂਗ ਸੀ ਕਿ ''ਮੈਂ ਨਹੀਂ ਮੰਨਦਾ ਕਿ ਪਰਮੇਸ਼ੁਰ ਤੀਜੇ ਦਿਨ ਮੇਰੇ ਲਈ ਮੁਹਈਆ ਕਰਵਾ ਸਕਦਾ ਹੈ, ਸੋ ਮੈਂ ਉਸ ਦੇ ਨਿਯਮ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਲਈ ਆਪ ਮੁਹੱਈਆ ਕਰਵਾਉਂਦਾ ਹਾਂ।''

ਇਸ ਤੋਂ ਇਲਾਵਾ ਇਹ ਸੰਭਵ ਹੈ ਕਿ ਇਸ ਨਿਯਮ ਵਿਚ ''ਆਪਣੇ ਗੁਆਂਢੀ ਨਾਲ ਪਿਆਰ'' ਕਰਨ ਦਾ ਹੁਕਮ ਵੀ ਹੋਵੇ। ਇਸ ਨਾਲ ਪਰਮੇਸ਼ੁਰ ਦੇ ਲੋਕਾਂ ਨੂੰ ਸੁਖ ਸਾਂਦ ਦੀਆਂ ਭੇਟਾਂ ਚੜ੍ਹਾਉਣ ਦੀ ਲੋੜ ਨੂੰ ਯਾਦ ਦੁਆਇਆ ਗਿਆ। ਇਨ੍ਹਾਂ ਭੇਟਾਂ ਵਿਚ ਪਰਮੇਸ਼ੁਰ ਨੂੰ ਸਨਮਾਨ ਦਿੱਤਾ ਜਾਂਦਾ ਸੀ ਅਤੇ ਉਸ ਦੇ ਯਾਜਕਾਂ ਨੂੰ ਭੋਜਨ; ਇਸ ਤੋਂ ਵਧ ਕੇ ਕੁਰਬਾਨੀ ਦੇਣ ਵਾਲੇ ਵਿਅਕਤੀ ਦੇ ਪਰਿਵਾਰ ਅਤੇ ਸੱਜਣਾਂ ਮਿੱਤਰਾਂ ਨੂੰ ਇਸ ਭੇਟ ਦੇ ਰਾਹੀਂ ਦਿੱਤੇ ਗਏ ਪ੍ਰੀਤੀਭੋਜ ਵਿਚ ਭਾਗ ਲੈਣ ਦਾ ਮੌਕਾ ਮਿਲਦਾ ਸੀ। ਇਸ ਕਰਕੇ ਇਸ ਨਿਯਮ ਨਾਲ ਦੂਜਿਆਂ ਨਾਲ ਆਪਣਾ ਖਾਣਾ ਵੰਡ ਕੇ ਖਾਣ ਕਰਕੇ ਉਨ੍ਹਾਂ ਦੇ ਪ੍ਰਤੀ ਪਿਆਰ ਵਿਖਾਉਣਾ ਦਾ ਮੌਕਾ ਮਿਲਦਾ ਸੀ।

**ਆਇਤਾਂ 9, 10.** ਇਨ੍ਹਾਂ ਆਇਤਾਂ ਵਿਚ ਇਸਰਾਏਲੀ ਕਿਸਾਨ ਲਈ ਆਪਣੀ ਫ਼ਸਲ ਨੂੰ ਇਸ ਤਰੀਕੇ ਨਾਲ ਵੱਢਣਾ ਜ਼ਰੂਰੀ ਦੱਸਿਆ ਗਿਆ ਕਿ ਗ਼ਰੀਬਾਂ ਲਈ ਕੁਝ ਛੱਡਿਆ ਜਾਵੇ। ਫ਼ਸਲ ਦੀ ਕਟਾਈ ਵੇਲੇ ਉਹ **ਆਪਣੀ ਪੈਲ਼ੀ ਦੀਆਂ ਨੁੱਕਰਾਂ ਦੀ ਵਾਢੀ** ਨਹੀਂ ਕਰ ਸਕਦਾ ਸੀ ਅਤੇ ਨਾ ਹੀ ਉਹਨੇ ਵਾਢਿਆਂ ਵੱਲੋਂ ਆਪਣਾ ਕੰਮ ਮੁਕਾ ਲੈਣ ਤੋਂ ਬਾਅਦ ਬਚਿਆ ਸਿਲਾ ਸਾਂਭਣਾ ਹੁੰਦਾ ਸੀ (ਵੇਖੋ 23:22)। ਇਸ ਤੋਂ ਇਲਾਵਾ ਉਸਨੇ ਦਾਖਾਂ ਦੇ ਆਪਣੇ ਬਾਗਾਂ ਦਾ ਸਿਲਾ ਨਹੀ ਚੁਗਣਾ ਹੁੰਦਾ ਸੀ ਭਾਵ ਵਾਢਿਆਂ ਵੱਲੋਂ ਆਪਣਾ ਕੰਮ ਮੁਕਾ ਲੈਣ ਤੋਂ ਬਾਅਦ ਉਹਨੇ ਅੰਗੂਰੀ ਬਾਗ ਵਿਚ ਜਾ ਕੇ ਸਾਰੀਆਂ ਦਾਖਾਂ ਨਹੀਂ ਚੁਗਣੀਆਂ ਹੁੰਦੀਆਂ ਸਨ। ਇਹ ਪਾਬੰਦੀ ਦਾਖਾਂ ਦੇ ਵੇਲ ਨਾਲ ਲੱਗੇ ਜਾਂ ਜ਼ਮੀਨ ਤੇ ਡਿੱਗੇ **ਸਾਰੇ ਦਾਣੇ** ਨਾ ਚੁਗਣ ਦੀ ਸੀ। **ਕੰਗਾਲ ਅਤੇ ਓਪਰੇ ਦੇ ਲਈ** ਖੇਤ ਅਤੇ ਅੰਗੂਰੀ ਬਾਗ ਵਿਚ ਡਿੱਗੇ ਦਾਣੇ **ਛੱਡਣੇ** ਜ਼ਰੂਰੀ ਸਨ।[2] ''ਕੰਗਾਲ'' ਕਿਸੇ ਲਈ ਵੀ ਕਿਹਾ ਗਿਆ ਹੋ ਸਕਦਾ ਹੈ ਜਿਹੜਾ ਕੋਈ

ਗ਼ਰੀਬ ਹੋਵੇ। ''ਓਪਰਾ'' ਪਰਮੇਸ਼ੁਰ ਦੇ ਲੋਕਾਂ ਵਿਚਕਾਰ ਰਹਿਣ ਵਾਲੇ ਗੈਰ–ਇਸਰਾਏਲੀ ਨੂੰ ਕਿਹਾ ਜਾਂਦਾ ਸੀ। ਜੌਰਜ ਏ. ਐੱਫ਼. ਨਾਈਟ ਨੇ ਲਿਖਿਆ ''ਹੈ ਕਿ ਇਸ ਪੈਰ੍ਹੇ ਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਸਿਰਫ਼ ਇੱਥੇ ਦੱਸੇ ਗਏ ਦੋ ਵਿਚਾਰਯੋਗ ਅਤੇ ਨੇਕੀ ਦੇ ਕੰਮ ਕਰ ਸਕਦੇ ਹੋ। ਇਸ ਦਾ ਮਤਲਬ ਇਹ ਹੈ ਕਿ ਇਹ ਦੋ ਖ਼ਾਸ ਕੰਮ ਉਹ ਸਭ ਕਰਨ ਲਈ ਹਨ ਜੋ ਤੁਹਾਨੂੰ ਜ਼ਿੰਦਗੀ ਦੇ ਹਰ ਪਹਿਲੂ ਵਿਚ ਕਰਨਾ ਚਾਹੀਦਾ ਹੈ।''[3]

ਕਿਸਾਨ ਹੋਵੇ ਜਾਂ ਵਪਾਰੀ, ਉਹਦੇ ਲਈ ਇਹ ਨਿਯਮ ਅਜੀਬ ਲਗਦਾ ਹੈ। ਕਿਸਾਨੀ ਜਾਂ ਵਪਾਰ ਵਿਚ, ਜਿੰਨਾਂ ਕਿਸੇ ਨੇ ਪੈਸਾ ਲਾਇਆ ਹੋਵੇ ਓਨਾਂ ਹੀ ਉਸ ਵਿੱਚੋਂ ਫ਼ਾਇਦਾ ਮਿਲ ਸਕਦਾ ਹੈ। ਜੇ ਕਿਸੇ ਕਿਸਾਨ ਨੂੰ ਪ੍ਰਤੀ ਏਕੜ ਵਾਧੂ ਦਾਣੇ ਮਿਲ ਸਕਦੇ ਹੋਣ ਤਾਂ ਉਹ ਉਸ ਮੌਕੇ ਦਾ ਫ਼ਾਇਦਾ ਉਠਾਉਂਦਾ ਹੈ। ਪਰ ਇਸ ਨਿਯਮ ਵਿਚ ਯਹੋਵਾਹ ਨੇ ਕਿਸਾਨ ਨੂੰ ਜਿੰਨੀ ਫ਼ਸਲ ਉਹ ਲੈ ਸਕਦਾ ਸੀ ਉਸ ਨਾਲੋਂ ਘੱਟ ਲੈਣ ਅਤੇ ਬਾਕੀ ਦਾ ਕੰਗਾਲ ਲਈ ਛੱਡ ਦੇਣ ਦੀ ਹਦਾਇਤ ਦਿਤੀ। ਕੋਈ ਅਜਿਹਾ ਕਿਉਂ ਕਰੇਗਾ? ਅਧਿਆਇ 19 ਵਿਚ ਦੋ ਕਾਰਣ ਦਿੱਤੇ ਗਏ ਹਨਃ (1) ਪਰਮੇਸ਼ੁਰ ਯਹੋਵਾਹ ਹੈ। ਅਤੇ ਉਹਦੇ ਲੋਕਾਂ ਲਈ ਉਹਨੂੰ ਪਿਆਰ ਕਰਨਾ ਅਤੇ ਉਸ ਦਾ ਹੁਕਮ ਮੰਨਣਾ ਜ਼ਰੂਰੀ ਸੀ ਅਤੇ (2) ਉਨ੍ਹਾਂ ਲਈ ਆਪਣੇ ਗੁਆਂਢੀਆਂ ਨਾਲ ਆਪਣੇ ਵਾਂਗ ਪਿਆਰ ਕਰਨਾ ਜ਼ਰੂਰੀ ਸੀ। ਇਸਰਾਏਲੀਆਂ ਲਈ ਜ਼ਰੂਰੀ ਸੀ ਕਿ ਗ਼ਰੀਬਾਂ ਜਾਂ ਕੰਗਾਲਾਂ ਦੀ ਦੇਖਭਾਲ ਲਈ ਪੂਰੀ ਵਾਹ ਲਾਉਣ।

## ਆਪਣੇ ਸਾਥੀ ਨੂੰ ਪਿਆਰ ਕਰਨਾ (19:11-18)

**[11]ਤੁਸਾਂ ਚੋਰੀ ਨਾ ਕਰਨੀ, ਨਾ ਛਲ ਖੇਡਣਾ, ਨਾ ਆਪਸ ਵਿੱਚ ਝੂਠ ਬੋਲਣਾ। [12]ਅਤੇ ਤੁਸਾਂ ਮੇਰਾ ਨਾਮ ਲੈ ਕੇ ਝੂਠੀ ਸਹੁੰ ਨਾ ਚੁੱਕਣੀ, ਨਾ ਆਪਣੇ ਪਰਮੇਸ਼ੁਰ ਦਾ ਨਾਮ ਬਦਨਾਮ ਕਰਨਾ। ਮੈਂ ਯਹੋਵਾਹ ਹਾਂ। [13]ਤੂੰ ਆਪਣੇ ਗੁਆਢੀਂ ਨਾਲ ਛੱਲ ਨਾ ਖੇਡੀਂ, ਨਾ ਤੂੰ ਉਸ ਤੋਂ ਕੁਝ ਖੋਹਵੀਂ। ਮਜ਼ਦੂਰ ਦੀ ਮਜ਼ਦੂਰੀ ਤੇਰੇ ਕੋਲ ਸਾਰੀ ਰਾਤ ਸਵੇਰ ਤੋੜੀ ਤੇਰੇ ਕੋਲ ਨਾ ਰਹੇ। [14]ਤੂੰ ਡੋਰੇ ਨੂੰ ਗਾਲ਼ਾਂ ਨਾ ਕੱਢੀ, ਨਾ ਅੰਨ੍ਹੇ ਨੂੰ ਠੋਕਰ ਖਿਲਾਵੀਂ, ਪਰ ਆਪਣੇ ਪਰਮੇਸ਼ੁਰ ਤੋਂ ਡਰੀਂ। ਮੈਂ ਯਹੋਵਾਹ ਹਾਂ। [15]ਤੁਸਾਂ ਨਿਆਉਂ ਵਿੱਚ ਕੋਈ ਅਨਿਆਉਂ ਨਾ ਕਰਨਾ, ਤੂੰ ਕੰਗਾਲ ਦੀ ਰਈ ਨਾ ਕਰੀਂ, ਨਾ ਸਮਰੱਥੀ ਦਾ ਲਿਹਾਜ ਕਰੀਂ, ਪਰ ਸਚਿਆਈ ਨਾਲ ਤੂੰ ਆਪਣੇ ਗੁਆਢੀਂ ਦਾ ਨਿਆਉਂ ਕਰੀਂ। [16]ਤੂੰ ਆਪਣੇ ਲੋਕਾਂ ਵਿੱਚ ਘੁਸਮੁਸੀਆ ਬਣਕੇ ਭਉਂਦਾ ਨਾ ਫਿਰੀਂ। ਤੂੰ ਆਪਣੇ ਗੁਆਢੀਂ ਦੇ ਖ਼ੂਨ ਵਿੱਚ ਲੱਕ ਨਾ ਬੰਨ੍ਹੀਂ। ਮੈਂ ਯਹੋਵਾਹ ਹਾਂ। [17]ਤੂੰ ਆਪਣੇ ਭਰਾ ਨਾਲ ਆਪਣੇ ਮਨ ਵਿੱਚ ਵੈਰ ਨਾ ਰੱਖੀਂ। ਤੂੰ ਜਰੂਰ ਆਪਣੇ ਗੁਆਂਢੀ ਨੂੰ ਤਾੜੀਂ, ਜੋ ਓਸ ਦਾ ਦੋਸ਼ ਤੇਰੇ ਜੁੰਮੇ ਨਾ ਹੋਵੇ। [18]ਤੂੰ ਬਦਲਾ ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਵਾਰ ਨਾਲ ਵੈਰ ਰੱਖੀਂ, ਪਰ ਤੂੰ ਆਪਣੇ ਗੁਆਂਢੀ ਨਾਲ ਆਪਣੇ ਜੇਹਾ ਪਿਆਰ ਕਰੀਂ। ਮੈਂ ਯਹੋਵਾਹ ਹਾਂ।**

ਅਧਿਆਇ 19 ਵਿਚਲੇ ਨਿਅਮਾਂ ਵਿਚ ਯਹੋਵਾਹ ਨੇ ਹੋਰਨਾਂ ਮਨੁੱਖੀ ਜੀਵਾਂ ਨਾਲ ਸਬੰਧ ਨਾਲ ਸਬੰਧਿਤ ਨਿਯਮਾਂ ਉੱਤੇ ਧਿਆਨ ਦਿੱਤਾ।

**ਆਇਤ 11.** ਯਹੋਵਾਹ ਦਾ ਧਿਆਨ ਫੇਰ ਤੋਂ ਉਸ ਵੱਲੋਂ ਸੀਨੈ ਪਹਾੜ ਤੇ ਦਿੱਤੇ ਗਏ ਦਸ ਹੁਕਮਾਂ ਵੱਲ ਮੁੜਿਆ। ਪਹਿਲਾਂ ਉਹਨੇ ਲੋਕਾਂ ਨੂੰ ਯਾਦ ਦੁਆਇਆ ਸੀ ਕਿ ਉਹ ਦੂਜਿਆਂ ਦੀ **ਚੋਰੀ ਨਾ ਕਰਨ** ਅਤੇ **ਨਾ** ਉਨ੍ਹਾਂ ਨਾਲ **ਛਲ ਖੇਡਣ**। ਇਹ ਅਠਵੇਂ ਅਤੇ ਨੌਂਵੇਂ ਹੁਕਮ ਦਾ ਦੁਹਰਾਅ ਸੀ ਜਿਸ ਵਿਚ ਕਿਹਾ ਗਿਆ ਸੀ ਕਿ ''ਤੂੰ ਚੋਰੀ ਨਾ ਕਰੀਂ'' ਅਤੇ ''ਤੂੰ ਆਪਣੇ ਗੁਆਂਢੀ ਉੱਤੇ ਝੂਠੀ ਗਵਾਹੀ ਨਾ ਦਈਂ'' (ਕੂਚ 20:15, 16)। ਇਹ ਨਿਯਮ ਦੂਜਿਆਂ ਨਾਲ ਪਿਆਰ ਕਰਨ ਦੇ ਨਕਾਰਾਤਮਕ (''ਨਾ ਕਰਨਾ'') ਮਾਰਗਦਰਸ਼ਨ ਤੇ ਜ਼ੋਰ ਦਿੰਦੇ ਹਨ। ਆਪਣੇ ਗੁਆਂਢੀ ਨਾਲ ਪਿਆਰ ਕਰਨ ਵਾਲਾ ਵਿਅਕਤੀ ਇਹ ਕੁਝ ਗੱਲਾਂ ਨਹੀਂ ਕਰੇਗਾ ਕਿਉਂਕਿ ਜਿਹਦੇ ਨਾਲ ਉਹ ਪਿਆਰ ਕਰਦਾ ਹੈ, ਉਹ

ਉਹਦੀ ਚੋਰੀ ਨਹੀਂ ਕਰੇਗਾ ਜਾਂ ਉਹਦੇ ਨਾਲ ਝੂਠ ਨਹੀਂ ਬੋਲੇਗਾ।

**ਆਇਤ 12.** ਇਸ ਤੋਂ ਬਾਅਦ ਯਹੋਵਾਹ ਨੇ ਇਸਰਾਏਲੀਆਂ ਨੂੰ ਉਸ ਦਾ **ਨਾਮ ਲੈ ਕੇ ਝੂਠੀ ਸਹੁੰ** ਖਾਣ ਤੋਂ ਵਰਜਦਿਆਂ, ਦਸਾਂ ਹੁਕਮਾਂ ਵਿੱਚੋਂ ਇਕ ਹੋਰ ਨਿਯਮ ਨਾਲ ਸੁਣਾਇਆ। ਇਹ ਪਾਬੰਦੀ ਤੀਜੇ ਹੁਕਮ ਵਾਲੀ ਹੈ ''ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਮ ਵਿਅਰਥ ਨਾ ਲੈ'' (ਕੂਚ 20:7)। ਇਸ ਨਿਯਮ ਨਾਲ ਭਾਵੇਂ ਲਾਹਨਤ ਪਾਉਣਾ ਗੈਰ ਕਾਨੂੰਨੀ ਹੋ ਜਾਣਾ ਸੀ, ਪਰ ਇਸ ਦਾ ਮੁੱਖ ਮਕਸਦ ਪਰਮੇਸ਼ੁਰ ਦੇ ਲੋਕਾਂ ਨੂੰ ਯਹੋਵਾਹ ਦੇ ਨਾਂਅ ਦੀਆਂ ਝੂਠੀਆਂ ਸਹੁੰਆਂ ਖਾਣ ਤੋਂ ਰੋਕਣਾ ਸੀ।[4] ਝੂਠ ਬੋਲਣ ਲਈ ਪਰਮੇਸ਼ੁਰ ਦੇ ਨਾਮ ਦੀ ਵਰਤੋਂ ਕਰਨਾ **ਪਰਮੇਸ਼ੁਰ ਦਾ ਨਾਮ ਬਦਨਾਮ ਕਰਨਾ** ਸੀ। ਇਸਰਾਏਲ ਵਿਚ ਇਹ ਇਕ ਵੱਡਾ ਪਾਪ ਹੁੰਦਾ ਹੋਵੇਗਾ ਕਿਉਂ ਜੋ ਸ਼ਰ੍ਹਾ ਨੂੰ ਯਹੋਵਾਹ ਵੱਲੋਂ ਆਪ ਦਿੱਤਾ ਗਿਆ ਸੀ। ਇਸ ਹੁਕਮ ਨੂੰ ਮੰਨਣ ਦਾ ਮਤਲਬ ਪਿਆਰ ਵਿਖਾਉਣਾ ਸੀ, ਕਿਉਂ ਜੋ ਕਿਸੇ ਨੇ ਝੂਠੀ ਸਹੁੰ ਖਾ ਕੇ ਆਪਣੇ ਕਿਸੇ ਪਿਆਰੇ ਨੂੰ ਜਾਣ ਬੁੱਝ ਕੇ ਗੁਮਰਾਹ ਨਹੀਂ ਕਰਨਾ ਸੀ।

**ਆਇਤ 13.** ਯਹੋਵਾਹ ਨੇ ਆਖਿਆ ਕਿ ਉਸ ਦੇ ਲੋਕ **ਮਜੂਰ ਦੀ ਮਜੂਰੀ ਸਵੇਰ ਤੋੜੀ** ਆਪਣੇ ਕੋਲ ਰੱਖ ਕੇ ਦੂਜਿਆਂ ਨਾਲ **ਛਲ ਨਾ ਖੇਡ**ਣ ਜਾਂ ਉਨ੍ਹਾਂ ਤੋਂ **ਕੁਝ ਖੋਹ**ਣਾ। ਦਸਾਂ ਹੁਕਮਾਂ ਵਿੱਚੋਂ ਇਕ ਹੁਕਮ ਇਹ ਸੀ ਕਿ ਚੋਰੀ ਕਰਨਾ ਗਲਤ ਹੈ, ਜਿਸ ਕਰਕੇ ਆਪਣੇ ਗੁਆਂਢੀ ਕੋਲੋਂ ਕੁਝ ਖੋਹ ਲੈਣ ਵਾਲਾ ਵਿਅਕਤੀ ਇਹ ਹੁਕਮ ਤੋੜਦਾ ਸੀ। ਪਰ ਇਹ ਨਿਯਮ ਚੁੱਪ ਚਪੀਤੇ ਕਿਸੇ ਦਾ ਸਮਾਨ ਲੈ ਲੈਣ ਲਈ ਉਸ ਦੇ ਘਰ ਸੱਨ੍ਹ ਮਾਰ ਦੇਣ ਦੀ ਆਮ ਚੋਰੀ ਤੇ ਜ਼ੋਰ ਦਿੰਦਾ ਹੋਇਆ ਨਹੀਂ ਲਗਦਾ, ਬਲਕਿ ਇਹ ਧੱਕੇਸ਼ਾਹੀ ਨਾਲ ਕਿਸੇ ਕੋਲੋਂ ''ਖੋਹਣ'' ਲਈ ਤਾਕਤ ਦੀ ਵਰਤੋਂ ਦੀ ਮਨਾਹੀ ਕਰਦਾ ਸੀ। ਅੱਜ ਵਾਂਗ, ਉਦੋਂ ਵੀ ਅਮੀਰ ਲੋਕ ਗ਼ਰੀਬਾਂ ਕੋਲੋਂ ਚੋਰੀ ਕਰਨ ਦੇ ਕਾਨੂੰਨੀ (ਪਰ ਅਨੈਤਿਕ) ਤਰੀਕੇ ਲੱਭ ਸਕਦੇ ਸਨ। ਅਜਿਹਾ ਕਰਨ ਦਾ ਉਨ੍ਹਾਂ ਦਾ ਇਕ ਤਰੀਕਾ ਦਿਹਾੜੀ ਤੇ ਰੱਖੇ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਦੇਰ ਨਾਲ ਦੇਣ ਦਾ ਹੋਣਾ ਸੀ। ਜੇ ਕੋਈ ਅਮੀਰ ਦਿਹਾੜੀ ਤੇ ਰੱਖੇ ਸੇਵਕ ਦੀ ਮਜ਼ਦੂਰੀ ਰਾਤ ਭਰ ਰੱਖ ਲੈਂਦਾ ਤਾਂ ਸੇਵਕ ਅਤੇ ਉਸ ਦੇ ਪਰਿਵਾਰ ਨੂੰ ਮੁਸ਼ਕਿਲ ਹੋਣੀ ਸੀ, ਪਰ ਅਮੀਰ ਆਦਮੀ ਨੇ ਗ਼ਰੀਬ ਦਾ ਪੈਸਾ ਥੋੜ੍ਹੀ ਦੇਰ ਤਕ ਵਰਤ ਕੇ (ਅਤੇ ਸ਼ਾਇਦ ਕਿਸੇ ਨਿਵੇਸ਼ ਕਰਕੇ ਮਜ਼ੇ ਕਰਨੇ ਸਨ) ਸੇਵਕ ਦੀ ਮਜ਼ਦੂਰੀ ਨੂੰ ਦੱਬ ਕੇ, ਅਸਲ ਵਿਚ ਉਹਨੂੰ ਕੰਮ ਤੇ ਲਾਉਣ ਵਾਲਾ ਉਸ ਨਾਲ ਜ਼ਬਰਦਸਤੀ ਕਰਕੇ ਉਸ ਤੋਂ ਖੋਹ ਰਿਹਾ ਹੁੰਦਾ ਸੀ।

**ਆਇਤ 14.** ਆਪਣੇ ਲੋਕਾਂ ਤੋਂ ਇਹ ਚਾਹੁੰਦੇ ਹੋਏ ਕਿ ਉਹ **ਡੋਰੇ ਨੂੰ ਗਾਲ਼ਾਂ ਨਾ** ਕੱਢਣ ਅਤੇ **ਨਾ ਅੰਨ੍ਹੇ ਨੂੰ ਠੋਕਰ ਖਿਲਾ**ਉਣ, ਪਰਮੇਸ਼ੁਰ ਨੇ ਸੰਕੇਤ ਦਿੱਤਾ ਕਿ ਉਹ ਅਪਾਹਿਜ ਦਾ ਫ਼ਾਇਦਾ ਨਾ ਚੁੱਕਣ। ਪਰ ਇਹ ਮਹੱਤਵਪੂਰਣ ਹੈ ਕਿ ਇਹ ਨਿਯਮ ਅਪਾਹਿਜ ਨਾਲ ਮਾਰ ਕੁੱਟ ਕਰਨ ਜਾਂ ਉਸ ਤੋਂ ਪੈਸੇ ਲੈਣ (ਭਾਵੇਂ ਹੋਰਨਾਂ ਨਿਯਮਾਂ ਨਾਲ ਅਜਿਹੇ ਕੰਮਾਂ ਦੀ ਮਨਾਹੀ ਕੀਤੀ ਗਈ ਸੀ) ਤੋਂ ਰੋਕਦਾ ਨਹੀਂ। ਇਹ ਦੂਜਿਆਂ ਨੂੰ ਅਪਾਹਿਜਾਂ ਦਾ ਫ਼ਾਇਦਾ ਚੁੱਕਣ ਤੋਂ ਰੋਕਣ ਲਈ ਸੀ। ਇਸਰਾਏਲੀਆਂ ਨੇ ਦੂਜਿਆਂ ਨਾਲ ਇਵੇਂ ਸਲੂਕ ਨਹੀਂ ਕਰਨਾ ਸੀ ਜਿਵੇਂ ਉਹ ਕਿਸੇ ਤਰ੍ਹਾਂ ਘਟੀਆ, ਮਨੁੱਖ ਤੋਂ ਘੱਟ ਹੋਣ ਜਾਂ ਸਿਰਫ਼ ਦੂਜਿਆਂ ਦੇ ਮਨਪਰਚਾਵੇ ਲਈ ਹੀ ਹੋਣ। ਕਲਾਈਡ ਐੱਮ. ਵੂਡਸ ਦੀ ਟਿੱਪਣੀ ਇੱਥੇ ਢੁਕਦੀ ਹੈ:

> ਕਿਉਂ ਜੋ ਬੋਲ਼ਾ ਆਦਮੀ ਉਸ ਬੇਇੱਜ਼ਤੀ ਦਾ ਵਿਰੋਧ ਨਹੀਂ ਕਰ ਸਕਦਾ ਸੀ ਜਿਹੜੀ ਉਹਨੂੰ ਸੁਣਾਈ ਨਹੀਂ ਦਿੱਤੀ, ਨਾ ਅੰਨ੍ਹਾ ਉਨ੍ਹਾਂ ਅੜਚਣਾਂ ਤੋਂ ਬਚ ਸਕਦਾ ਸੀ ਜਿਹੜੀਆਂ ਉਹਦੇ ਅੱਗੇ ਪਾਈਆਂ ਗਈਆਂ ਹੋਣ। ਇਸ ਕਰਕੇ ਇਹ ਲੋਕ ਮਸ਼ਕਰੀ ਅਤੇ ਖ਼ਤਰਨਾਕ ਤਮਾਸ਼ੇ ਦਾ ਸ਼ਿਕਾਰ ਹੋ ਸਕਦੇ ਸਨ। ਪਰ ਯਹੋਵਾਹ ਦੇ ਲੋਕਾਂ ਨੇ ਕਮਜ਼ੋਰ ਲੋਕਾਂ ਨਾਲ ਬਦਸਲੂਕੀ ਨਹੀਂ ਕਰਨੀ ਸੀ, ਬਲਕਿ ਯਹੋਵਾਹ ਦੇ ਭੈਅ ਨਾਲ ਉਨ੍ਹਾਂ ਦੇ ਪ੍ਰਤੀ ਸਕਾਰਾਤਮਕ ਰੱਵਈਆ ਵਿਖਾਉਣਾ ਸੀ, ਜਿਹੜਾ ਬੇਸਹਾਰਿਆਂ ਦਾ ਬਦਲਾ ਲੈਂਦਾ ਅਤੇ ਉਨ੍ਹਾਂ ਦੀ ਮਦਦ ਕਰਦਾ ਹੈ।[5]

ਗੁਆਂਢੀ ਲਈ ਪਿਆਰ ਵਾਸਤੇ ਜ਼ਰੂਰੀ ਸੀ ਕਿ ਅਪਾਹਿਜਾਂ ਦੇ ਪ੍ਰਤੀ ਆਦਰ ਵਿਖਾਇਆ ਅਤੇ ਉਨ੍ਹਾਂ ਦੀ ਦੇਖ ਭਾਲ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ।

**ਆਇਤ 15.** ਇਸ ਤੋਂ ਬਾਅਦ ਯਹੋਵਾਹ ਨੇ ਦੱਸਿਆ ਕਿ ਇਸਰਾਏਲੀ **ਨਿਆਉਂ** ਕਿਵੇਂ ਕਰਨਗੇ। ਉਦੋਂ ਨਿਆਂ ਪ੍ਰਣਾਲੀ ਵਿਚ ਸ਼ਹਿਰ ਦੇ ਫਾਟਕ ਤੇ ਅਦਾਲਤਾਂ ਲਗਦੀਆਂ ਸਨ। ਉੱਥੇ ਸ਼ਹਿਰ ਦੇ ਲੋਕ ਨਿਆਂ ਕਰਨ ਲਈ ਬੈਠਦੇ, ਭਾਵੇਂ ਮੁਕੱਦਮੇ ਵਿਚ ਮੁਜਰਮ ਹੋਣ ਦੇ ਸ਼ੱਕ ਵਾਲਾ ਵਿਅਕਤੀ ਹੁੰਦਾ ਜਾਂ ਕਿਸੇ ਦੂਜੇ ਵਿਅਕਤੀ ਦੇ ਖ਼ਿਲਾਫ਼ ਸ਼ਿਕਾਇਤ ਕਰਨ ਵਾਲਾ, ਜਾਂ ਸਿਰਫ਼ ਸਰਕਾਰੀ ਮਾਮਲੇ ਵਿਚ ਫ਼ੈਸਲਾ ਦੇਣਾ ਹੁੰਦਾ। ਕਿਸੇ ਵੀ ਇਸਰਾਏਲੀ ਨੂੰ ਅਜਿਹੀਆਂ ਪੇਸ਼ੀਆਂ ਵਿਚ ਨਿਆਂ ਦੇਣ ਲਈ ਕਿਹਾ ਜਾ ਸਕਦਾ ਸੀ। ਨਿਆਂ ਦੀ ਗੱਦੀ ਤੇ ਬੈਠਣ ਵਾਲੇ ਲਈ ਯਹੋਵਾਹ ਦੀ ਹਦਾਇਤ ਸੀ ਕਿ ਉਹ ਨਿਰਪੱਖ ਨਿਆਂ ਕਰੇ।

ਪੱਖਪਾਤ ਨੂੰ ਗਲਤ ਐਲਾਨਿਆ ਗਿਆ ਸੀ। ਇਸਰਾਏਲੀ ਲਈ ਜ਼ਰੂਰੀ ਸੀ ਕਿ ਨਾ **ਕੰਗਾਲ ਦੀ ਰਈ** ਅਤੇ **ਨਾ ਸਮਰੱਥੀ ਦਾ ਲਿਹਾਜ** ਕਰੇ। ਉਹਦੇ ਲਈ ਆਪਣੇ ਜਜ਼ਬਾਤ ਜਾਂ ਆਪਣੀ ਪਸੰਦ ਨਾਪਸੰਦ ਦੇ ਅਧਾਰ ਤੇ ਫ਼ੈਸਲਾ ਨਾ ਦੇ ਕੇ ਬਲਕਿ ਨਿਰੇ ਤੱਥਾਂ ਦੇ ਅਧਾਰ ਤੇ ਫ਼ੈਸਲਾ ਦੇ ਕੇ ਸਚਮੁਚ ਵਿਚ ਨਿਰਪੱਖ ਹੋਣਾ ਜ਼ਰੂਰੀ ਸੀ।

**ਆਇਤ 16.** ਹੋਰ ਬੁਰਿਆਈ ਜਿਸ ਤੋਂ ਪਰਮੇਸ਼ੁਰ ਦੇ ਲੋਕਾਂ ਲਈ ਬਚਣਾ ਜ਼ਰੂਰੀ ਸੀ, ਉਹ ਤੁਹਮਤ ਦੀ ਬੁਰਿਆਈ ਸੀ। ਕਿਸੇ ਨੇ **ਆਪਣੇ ਲੋਕਾਂ ਵਿੱਚ ਘੁਸਮੁਸੀਆ** ਨਹੀਂ ਬਣਨਾ ਸੀ। ''ਘੁਸਮੁਸੀਆ'' ਉਹ ਹੁੰਦਾ ਹੈ ਜਿਹੜਾ ਦੂਜਿਆਂ ਬਾਰੇ ਬੁਰੀਆਂ ਗੱਲਾਂ ਕਰਦਾ ਹੈ ਚਾਹੇ ਉਹ ਕਹਾਣੀਆਂ ਸੱਚੀਆਂ ਹੋਣ ਜਾਂ ਨਾ। ਉਹ ਚੁਗਲਖੋਰ ਜਾਂ ਮੁਖਬਰ ਹੈ ਜਿਹੜਾ ਦੂਜਿਆਂ ਬਾਰੇ ਹਮੇਸ਼ਾ ਗਲਤ ਬੋਲਦਾ ਹੈ। ਇਹ ਨਿਯਮ ਦੱਸਦਾ ਹੈ ਕਿ ਇਸਰਾਏਲੀ ਨੇ ਅਜਿਹਾ ਵਿਅਕਤੀ ਨਹੀਂ ਬਣਨਾ ਸੀ। ਇਹ ਨਿਅਮ ਸਾਫ਼ ਆਖਦਾ ਹੈ ਕਿ ਦੂਜਿਆਂ ਨਾਲ ਪਿਆਰ ਕਰਕੇ ਉਨ੍ਹਾਂ ਦਾ ਘੁਸਮੁਸੀਆ ਨਹੀਂ ਬਣਿਆ ਜਾ ਸਕਦਾ।

ਆਇਤ 16 ਦਾ ਦੂਜਾ ਭਾਗ ਆਖਦਾ ਹੈ, **ਤੂੰ ਆਪਣੇ ਗੁਆਂਢੀ ਦੇ ਖ਼ੂਨ ਵਿੱਚ ਲੱਕ ਨਾ ਬੰਨ੍ਹੀਂ।** ਸਾਫ਼ ਹੈ ਕਿ ਇਸ ਦਾ ਮਤਲਬ ਇਹ ਹੈ ਕਿ ਇਸਰਾਏਲੀ ਵਿਅਕਤੀ ਨੇ ਅਜਿਹੀ ਕਿਸੇ ਵੀ ਹਰਕਤ[6] (ਜਾਂ ਬੇਹਰਕਤ) ਤੋਂ ਬਚਣਾ ਸੀ ਜਿਹੜੀ ਉਸ ਦੇ ਗੁਆਂਢੀ ਦੀ ਅਣਚਾਹੀ ਮੌਤ ਦਾ ਕਾਰਣ ਬਣ ਸਕਦੀ ਹੋਵੇ। NIV ਦਾ ਅਨੁਵਾਦ ਹੈ, ''ਅਜਿਹਾ ਕੁਝ ਨਾ ਕਰੀਂ ਜਿਸ ਨਾਲ ਤੇਰੇ ਗੁਆਂਢੀ ਦੀ ਜ਼ਿੰਦਗੀ ਖਤਰੇ ਵਿਚ ਪੈ ਜਾਵੇ।'' ਇਹ ਨਿਯਮ ਉਨ੍ਹਾਂ ਲਈ ਹੈ ਜਿਹੜੇ ਕਿਸੇ ਗੁਆਂਢੀ ਦੀ *ਜਾਨ* (... ਇਬ. 'ਖੂਨ') ਖ਼ਤਰੇ ਵਿਚ ਹੋਣ ਤੇ ਪੰਗੇ ਵਿਚ ਨਾ ਪੈਣਾ ਚਾਹ ਕੇ, ਚੁੱਪ ਕੀਤੇ ਜਾਂ ਮਸਤ ਰਹਿੰਦੇ ਹਨ।''[7] ਇਕ ਹੋਰ ਸੁਝਾਅ ਇਹ ਹੈ ਕਿ ਇਨ੍ਹਾਂ ਸ਼ਬਦਾਂ ਦਾ ਅਰਥ ਝੂਠਾ ਇਲਜ਼ਾਮ ਲਾ ਕੇ ਜਾਂ ਉਸ ਦਾ ਬਚਾਅ ਕਰਨ ਲਈ ਕਰਵਾਹੀ ਨਾ ਕਰਕੇ ਕਿਸੇ ਦੀ ਜਾਨ ਨੂੰ ਖ਼ਤਰੇ ਵਿਚ ਪਾਉਣਾ ਹੋ ਸਕਦਾ ਹੈ। ਇਸ ਹਿੱਸੇ ਦੀ ਵਿਆਖਿਆ ਇਸ ਅਰਥ ਵਿਚ ਕੀਤੀ ਜਾ ਸਕਦੀ ਹੈ ਕਿ ਆਪਣੇ ਗੁਆਂਢੀ ਦੀ ਮੌਤ ਦਾ ਫ਼ਾਇਦਾ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।[8] ਭਾਵੇਂ ਇਹ ਆਇਤ ਕਿ ਖ਼ੂਨ ਨਾ ਕਰਨ ਦੀ ਗੱਲ ਨਹੀਂ ਕਰਦੀ, ਪਰ ਇਸ ਦਾ ਮਤਲਬ ਇਹੀ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਤਰੀਕੇ ਨਾਲ ਉਸ ਦੀ ਮੌਤ ਦਾ ਕਾਰਣ ਬਣਨਾ ਉਸ ਦਾ ਕਤਲ ਕਰਨ ਦੇ ਬਰਾਬਰ ਹੈ। ਜਿਸ ਕਰਕੇ ਇਸ ਨਿਯਮ ਨੂੰ ਛੇਵੇਂ ਹੁਕਮ ''ਤੂੰ ਖ਼ੂਨ ਨਾ ਕਰ'' ਨਾਲ ਮਿਲਾਇਆ ਜਾ ਸਕਦਾ ਹੈ (ਕੂਚ 20:13)।

**ਆਇਤ 17.** ਇਸ ਤੋਂ ਬਾਅਦ ਯਹੋਵਾਹ ਨੇ ਆਖਿਆ, **ਤੂੰ ਆਪਣੇ ਭਰਾ ਨਾਲ ਆਪਣੇ ਮਨ ਵਿੱਚ ਵੈਰ ਨਾ ਰੱਖੀਂ।** ਇਹ ਹੁਕਮ ਤਸਦੀਕ ਕਰਦਾ ਹੈ ਕਿ ਮੂਸਾ ਦੀ ਸ਼ਰ੍ਹਾ ਸਿਰਫ਼ ਗਲਤ ਕੰਮਾਂ ਤੋਂ ਹੀ ਨਹੀਂ ਬਲਕਿ ਗਲਤ ਵਿਚਾਰਾਂ ਤੋਂ ਵੀ ਵਰਜਦੀ ਸੀ। ਪਰ ਆਪਣੇ ਗੁਆਂਢੀ ਨਾਲ ਵੈਰ ਕਰਨ ਤੋਂ ਰੋਕਣਾ ਹੀ ਉਹਨੂੰ ਤਾੜਨ ਦੀ ਸੰਭਾਵਨਾਂ ਨੂੰ ਖਤਮ ਨਹੀਂ ਕਰ ਦਿੰਦਾ। ਵਚਨ ਦੱਸਦਾ ਹੈ ਕਿ ਆਪਣੇ ਗੁਆਂਢੀ ਨੂੰ **ਤਾੜਿ**ਆ ਜਾ ਸਕਦਾ ਸੀ, ਪਰ ਉਹਨੂੰ ਇਸ ਤਰੀਕੇ ਨਾਲ ਤਾੜਿਆ ਜਾਣਾ ਜ਼ਰੂਰੀ ਸੀ

ਕਿ **ਓਸ ਦਾ ਦੋਸ਼ ਤੇਰੇ ਜ਼ੁੰਮੇ ਨਾ ਹੋਵੇ।**

ਇੱਥੇ ਲਗਦਾ ਹੈ ਕਿ ਕਿਸੇ ਦੇ ਗੁਆਂਢੀ ਨੇ ਉਸ ਨਾਲ ਕੁਝ ਗਲਤ ਕੀਤਾ ਸੀ। ਇਸ ਦਾ ਸਹੀ ਜਵਾਬ ਕੀ ਹੋਣਾ ਸੀ? ਉਸ ਤੋਂ, ਜਿਸ ਦਾ ਬੁਰਾ ਹੋਇਆ ਸੀ ਨਫ਼ਰਤ ਕਰਨ ਦੀ ਬਜਾਇ ਉਸ ਗੁਆਂਢੀ ਨੇ ਆਪਣੇ ਦੋਸ਼ੀ ਗੁਆਂਢੀ ਨੂੰ ''ਤਾੜਨਾ'' ਸੀ, ਪਰ ਉਹਦੇ ਲਈ ਅਜਿਹਾ ਇਵੇਂ ਕਰਨਾ ਜ਼ਰੂਰੀ ਸੀ ਜਿਸ ਨਾਲ ਉਹ ਪਾਪ ਦਾ ਦੋਸ਼ੀ ਨਾ ਬਣ ਜਾਵੇ। ਉਹ ਆਪਣੇ ਗੁਆਂਢੀ ਨੂੰ ਸਰਾਪ ਦੇਣ ਜਾਂ ਉਸ ਦੀ ਨਿੰਦਿਆਂ ਕਰਨ ਤੋਂ ਬਚੇ। ਯਕੀਨਨ ਸਰੀਰਕ ਜਾਂ ਆਰਥਿਕ ਤੌਰ ਤੇ ਆਪਣੇ ਗੁਆਂਢੀ ਨੂੰ ਨੁਕਸਾਨ ਪਹੁੰਚਾ ਕੇ ਉਸ ਤੋਂ ਬਦਲਾ ਨਾ ਲਵੇ। ਜੇ ਉਹ ਇਨ੍ਹਾਂ ਵਿੱਚੋਂ ਕੁਝ ਕਰ ਦਿੰਦਾ ਤਾਂ ਉਹਨੇ ''ਪਾਪ ਕਰਨਾ'' ਸੀ। ਝਾੜ ਪਾਉਣੀ ਕੋਈ ਪਾਪ ਨਹੀਂ ਹੋਣਾ ਸੀ ਬਲਕਿ ਇਹ ਗਲਤੀ ਕਰਨ ਵਾਲੇ ਨੂੰ ਇਹ ਵਿਖਾਕੇ ਕਿ ਉਹਨੇ ਗਲਤੀ ਕੀਤੀ ਹੈ, ਉਹਨੂੰ ਸੁਧਾਰਣ ਦਾ ਇਕ ਤਰੀਕਾ ਹੋਣਾ ਸੀ।

ਜੇ ਉਹ ਵਿਅਕਤੀ ਜਿਸ ਨਾਲ ਬੁਰਾ ਹੋਇਆ ਹੋਵੇ ਇਸ ਤਰੀਕਾ ਨਾਲ ਕੰਮ ਕਰਦਾ ਤਾਂ ਉਹਨੇ ਇਸ ਤਰੀਕੇ ਨਾਲ ਗਲਤੀ ਕਰਨ ਵਾਲੇ ਦੇ ਪ੍ਰਤੀ ਪਿਆਰ ਦਾ ਪਤਾ ਲਗਣਾ ਸੀ ਅਤੇ ਇਸ ਨਾਲ ਦੋਹਾਂ ਵਿਚਕਾਰ ਮਾਮਲੇ ਸੁਲਝ ਸਕਦੇ ਸਨ। ਗੁਆਂਢੀ ਨਾਲ ਪਿਆਰ ਕਰਨ ਦਾ ਅਰਥ ਉਸ ਗੁਆਂਢੀ ਵੱਲੋਂ ਕੀਤੀ ਗਈ ਗਲਤੀ ਦੇ ਬਾਵਜੂਦ ਉਸ ਨਾਲ ਆਪਣੇ ਮਨੋਂ ਨਫ਼ਰਤ ਕਰਨਾ ਛੱਡ ਦੇਣਾ ਸੀ।

**ਆਇਤ 18.** ਇਸ ਆਇਤ ਵਿਚ ਇਹ ਪੈਰ੍ਹਾ ਚਰਮ ਤੇ ਪਹੁੰਚ ਜਾਂਦਾ ਹੈ। ਇਹ ਕਹਿਣ ਤੋਂ ਬਾਅਦ ਕਿ ਇਸਰਾਏਲੀ ਵਿਅਕਤੀ ਕਦੇ **ਆਪਣੇ ਲੋਕਾਂ** (ਭਾਵ ਇਸਰਾਏਲੀਆਂ) ਤੋਂ ਬਦਲਾ ਲੈਣ ਦੀ ਚਾਹ ਨਹੀਂ ਕਰਨੀ ਸੀ, ਇਹ ਦੂਜਿਆਂ ਨਾਲ ਆਪਣੇ ਵਾਂਗ ਪਿਆਰ ਕਰਨ ਦੇ ਅਹਿਮ ਹੁਕਮ ਨੂੰ ਜੋੜ ਦਿੰਦਾ ਹੈ। ਫਿਰ ਇਹ ਇਸ ਨਿਯਮ ਦੇ ਦੇਣ ਵਾਲੇ ਦੇ ਨਾਲ ਨਾਲ ਉਸ ਦਾ ਨਾਂਅ **ਯਹੋਵਾਹ**! ਦੱਸ ਕੇ ਸਮਾਪਤ ਕਰਦਾ ਹੈ ਇਸ ਆਇਤ ਦੇ ਕਈ ਹਿੱਸਿਆਂ ਦੀ ਵਿਆਖਿਆ ਹੋਣੀ ਬਣਦੀ ਹੈ।

**ਤੂੰ ਬਦਲਾ ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਵਾਰ ਨਾਲ ਵੈਰ ਰੱਖੀਂ।** ਨਵੇਂ ਨੇਮ ਵਾਂਗ ਮੂਸਾ ਦੀ ਸ਼ਰ੍ਹਾ ਵਿਚ ਵੀ ਬਦਲਾ ਲੈਣ ਦੀ ਗੱਲ ਨਹੀਂ ਕੀਤੀ ਗਈ। ਨਿਆਂ ਦੇ ਸਬੰਧ ਵਿਚ ''ਅੱਖ ਵੱਟੇ ਅੱਖ'' ਦਾ ਮਤਲਬ ਭਾਵੇਂ ਜੋ ਵੀ ਹੋਵੇ, ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਮੂਸਾ ਦੀ ਸ਼ਰ੍ਹਾ ਦੇ ਤਹਿਤ ਲੋਕ ਬਦਲਾ ਆਪੇ ਲੈ ਸਕਦੇ ਸਨ।[9]

**ਤੂੰ ਆਪਣੇ ਗੁਆਢੀਂ ਨਾਲ ਆਪਣੇ ਜੇਹਾ ਪਿਆਰ ਕਰੀਂ।** ਕਈਆਂ ਨੇ ਸੁਝਾਅ ਦਿੱਤਾ ਹੈ ਕਿ ਇਸ ਆਇਤ ਦੇ ਅਰਥ ਵਿਚ ''ਗੁਆਂਢੀ'' ਸਿਰਫ਼ ਸਾਥੀ ਇਸਰਾਏਲੀ ਹੀ ਹੋ ਸਕਦਾ ਹੈ। ਇਸ ਆਇਤ ਵਿਚ ਭਾਵੇਂ ਇਹੀ ਹੋਵੇ, ਤਾਂ ਵੀ 19:34 ਵਿਚ ਪਰਦੇਸੀਆਂ ਭਾਵ ਗੈਰ-ਇਸਰਾਏਲੀਆਂ ਨਾਲ ਸਬੰਧਿਤ ਇਹੀ ਹੁਕਮ ਹੈ। ਜਿਸ ਕਰਕੇ ਈਮਾਨਦਾਰ ਪਾਠਕ ਲਈ ਇਹ ਨਿਚੋੜ ਕੱਢਣਾ ਜ਼ਰੂਰੀ ਹੈ ਕਿ ਖ਼ੁਦਾ ਨੇ ਸਭ ਇਸਰਾਏਲੀਆਂ ਨੂੰ ਸਭ ਲੋਕਾਂ ਨਾਲ (ਇਸਰਾਏਲੀਆਂ ਅਤੇ ਪਰਦੇਸੀਆਂ ਨਾਲ ਇੱਕੋ ਜਿਹਾ) ਆਪਣੇ ਵਾਂਗ ਪਿਆਰ ਕਰਨ ਦਾ ਹੁਕਮ ਦਿੱਤਾ।

**ਆਪਣੇ ਜਿਹਾ।** ਇਹ ਵਾਕ ਖੰਡ ਉਸ ਪਿਆਰ ਨੂੰ ਸਮਝਣ ਲਈ ਕੁੰਜੀ ਹੈ ਜਿਹੜਾ ਪਰਮੇਸ਼ੁਰ ਚਾਹੁੰਦਾ ਸੀ ਕਿ ਇਸਰਾਏਲੀ ਲੋਕ ਇਕ ਦੂਜੇ ਨਾਲ ਵਿਖਾਉਣ। ਆਪੋ ਵਿਚਲੇ ਸਬੰਧਾਂ ਨੂੰ ਬਣਾਈ ਰੱਖਣ ਲਈ ਕਈ ਖ਼ਾਸ ਨਿਯਮ ਦਿੱਤੇ ਗਏ ਸਨ। ਪਰ ਕਿਸੇ ਖ਼ਾਸ ਹਾਲਤ ਵਿਚ ਕਿਸੇ ਗੁਆਂਢੀ ਦੇ ਸਬੰਧ ਵਿਚ ਕੀ ਕੀਤਾ ਜਾਵੇ, ਇਸਰਾਏਲੀਆਂ ਨੂੰ ਪਤਾ ਸੀ ਕਿ ''ਮੈਂ ਕੀ ਕਰਾਂ?'' ਸਵਾਲ ਦਾ ਜਵਾਬ ਕੀ ਹੈ। ਉਹਨੇ ਦੂਜੇ ਵਿਅਕਤੀ ਦੀ ਥਾਂ ਆਪਣੇ ਆਪ ਨੂੰ ਰੱਖ ਕੇ ਇਹ ਵਿਚਾਰ ਕਰਨਾ ਸੀ ਕਿ ਉਹ ਆਪਣੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਣਾ ਚਾਹੁੰਦਾ ਸੀ। ਦੂਜਿਆਂ ਨਾਲ ਪਿਆਰ ਕਰਨ ਵਾਲੇ ਵਿਅਕਤੀ ਨੇ ਉਹੀ ਕਰਨਾ ਸੀ ਜਿਵੇਂ ਉਹ ਚਾਹੁੰਦਾ ਸੀ ਕਿ ਉਹਦੇ ਨਾਲ ਕੀਤਾ ਜਾਵੇ। ਉਹਨੇ ਸਿਰਫ਼ ਉਹੀ ਕਰਨਾ ਸੀ ਜੋ ਯਿਸੂ ਨੇ ਕਿਹਾ ਜਦ ਉਹਨੇ ਇਸ ਨਿਯਮ ਦਾ ਮਤਲਬ ਸਮਝਾਇਆ: ''ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ ਕਿਉਂ ਜੋ

ਤੁਰੇਤ ਅਤੇ ਨਬੀਆਂ ਦਾ ਇਹੋ ਮਤਲਬ ਹੈ'' (ਮੱਤੀ 7:12)।

ਯਹੂਦੀ ਲੋਕ ਇਸ ਹੁਕਮ ਦੇ ਮਹੱਤਵ ਨੂੰ ਸਮਝਦੇ ਸਨ ਅਤੇ ਯਿਸੂ ਵੀ ਸਮਝਦਾ ਸੀ, ਕਿਉਂ ਜੋ ਉਹਨੇ ਇਸ ਨੂੰ ਦੂਜਾ ਸਭ ਤੋਂ ਵੱਡਾ ਹੁਕਮ ਦੱਸਿਆ (ਮੱਤੀ 22:39; ਮਕਰੁਸ 12:31)। ਇਹ ਮਸੀਹੀ ਲੋਕਾਂ ਲਈ ਦੂਜਿਆਂ ਨਾਲ ਆਪਣੇ ਰਿਸ਼ਤਿਆਂ ਦੇ ਸਬੰਧ ਵਿਚ ਬੁਨਿਆਦੀ ਹੁਕਮ ਵੀ ਹੈ (ਰੋਮੀਆਂ 13:8, 9; ਗਲਾਤੀਆਂ 5:14; ਯਾਕੂਬ 2:8)। ਇਸ ਤੋਂ ਬਾਅਦ ਆਇਤ 18 ਇਹ ਨਿਚੋੜ ਕੱਢਦੀ ਹੈ ਕਿ ਪਰਮੇਸ਼ੁਰ ਦੇ ਹੁਕਮ ਦੇ ਮੁਤਾਬਿਕ ਦੂਜਿਆਂ ਨਾਲ ਪਿਆਰ ਕਰਨ ਲਈ ਉਨ੍ਹਾਂ ਨਾਲ ਉਵੇਂ ਹੀ ਸਲੂਕ ਕਰਨਾ ਜ਼ਰੂਰੀ ਹੈ ਜਿਵੇਂ ਉਹ ਚਾਹੁੰਦਾ ਹੋਵੇ ਉਹਦੇ ਨਾਲ ਕੀਤਾ ਜਾਵੇ।

## ਕੌਮ ਦੀ ਵਿਲੱਖਣਤਾ ਨੂੰ ਬਣਾਈ ਰੱਖਣਾ (19:19-37)

**19ਤੁਸਾਂ ਮੇਰੀਆਂ ਬਿਧਾਂ ਨੂੰ ਧਿਆਨ ਰੱਖਣਾ। ਤੂੰ ਆਪਣੇ ਡੰਗਰ ਨੂੰ ਕਿਸੇ ਵੱਖਰੀ ਜਾਤ ਨਾਲ ਨਾ**
**ਮਿਲਾਵੀਂ। ਤੂੰ ਆਪਣੀ ਪੈਲ਼ੀ ਵਿੱਚ ਰਲਿਆ ਮਿਲਿਆ ਬੀਜ ਨਾ ਬੀਜੀਂ, ਨਾ ਤੇਰੇ ਉੱਤੇ ਸੂਤਰ ਅਤੇ**
**ਉੱਨ ਦਾ ਬਣਿਆ ਹੋਇਆ ਕੱਪੜਾ ਪਵੇ। 20ਜਿਹੜਾ ਕਿਸੇ ਤੀਵੀਂ ਨਾਲ ਜੋ ਟਹਿਲਨ ਹੈ ਅਤੇ ਜੋ ਕਿਸੇ**
**ਭਰਤੇ ਦੀ ਮੰਗੀ ਹੋਈ ਹੈ ਅਤੇ ਜਿਸ ਦਾ ਵੱਟਾ ਨਾ ਦਿੱਤਾ ਹੋਇਆ ਹੋਵੇ, ਨਾ ਉਹ ਛੱਡੀ ਗਈ ਹੋਵੇ,**
**ਉਹ ਸੰਗ ਕਰੇ ਤਾਂ ਉਹ ਬੈਤਾਂ ਨਾਲ ਮਾਰੀ ਜਾਏ, ਓਹ ਵੱਢੇ ਨਾ ਜਾਣ ਕਿਉਂ ਜੋ ਉਹ ਅਜਾਦ ਨਹੀਂ**
**ਸੀ 21ਅਤੇ ਉਹ ਆਪਣੇ ਦੋਸ਼ ਦੀ ਭੇਟ ਯਹੋਵਾਹ ਦੇ ਅੱਗੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਅਰਥਾਤ**
**ਦੋਸ਼ ਦੀ ਭੇਟ ਕਰਕੇ ਇੱਕ ਛੱਤ੍ਰਾ ਲਿਆਵੇ 22ਅਤੇ ਜਾਜਕ ਦੋਸ਼ ਦੀ ਭੇਟ ਦੇ ਛੱਤ੍ਰੇ ਨੂੰ ਲੈ ਕੇ ਯਹੋਵਾਹ ਦੇ**
**ਅੱਗੇ ਉਸ ਦੇ ਲਈ ਓਸ ਪਾਪ ਦੇ ਕਾਰਨ ਜੋ ਉਸ ਨੇ ਕੀਤਾ ਹੈ ਸੋ ਪ੍ਰਾਸਚਿਤ ਕਰੇ ਅਤੇ ਉਹ ਪਾਪ ਜੋ**
**ਉਸ ਨੇ ਕੀਤਾ ਹੈ ਸੋ ਉਸ ਨੂੰ ਖਿਮਾ ਹੋ ਜਾਵੇਗਾ। 23ਅਤੇ ਜਾਂ ਤੁਸਾਂ ਉਸ ਦੇਸ ਵਿੱਚ ਆਓ ਅਤੇ ਭਾਂਤ**
**ਭਾਂਤ ਦੇ ਬੂਟਿਆਂ ਨੂੰ ਖਾਣ ਲਈ ਲਾਓ ਤੁਸਾਂ ਉਨ੍ਹਾਂ ਦਿਆਂ ਫਲਾਂ ਨੂੰ ਅਸੁੰਨਤੀ ਸਮਝਣਾ, ਓਹ ਤਿੰਨਾਂ**
**ਵਰਿਹਾਂ ਤਾਈਂ ਤੁਹਾਡੇ ਲਈ ਅਸੁੰਨਤੀ ਜਿਹਾ ਹੋਵੇ, ਉਹ ਖਾਧਾ ਨਾ ਜਾਏ 24ਪਰ ਚਉਥੇ ਵਰਹੇ ਵਿੱਚ**
**ਉਸ ਦਾ ਸਾਰਾ ਫਲ ਯਹੋਵਾਹ ਦੇ ਉਪਕਾਰ ਮੰਨਣ ਲਈ ਪਵਿੱਤਰ ਹੋਵੇ 25ਅਤੇ ਪੰਜਵੇਂ ਵਰਹੇ ਵਿੱਚ**
**ਤੁਸਾਂ ਫਲ ਖਾਣਾ ਜੋ ਉਹ ਤੁਹਾਨੂੰ ਆਪਣਾ ਵਾਧਾ ਦੇਵੇ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 26ਤੁਸਾਂ**
**ਕੋਈ ਵਸਤ ਲਹੂ ਨਾਲ ਨਾ ਖਾਣੀ, ਨਾ ਤੁਸਾਂ ਜਾਦੂ ਕਰਨੇ, ਨਾ ਮਹੂਰਤ ਵੇਖਣੇ 27ਤੁਸਾਂ ਆਪਣਿਆਂ**
**ਸਿਰਾਂ ਦੀਆਂ ਨੁੱਕਰਾਂ ਨਾ ਮੁਨਾਵਣੀਆਂ, ਨਾ ਤੂੰ ਆਪਣੀ ਦਾੜ੍ਹੀ ਦੀਆਂ ਨੁੱਕਰਾਂ ਨੂੰ ਵਿਗਾੜ 28ਤੁਸਾਂ**
**ਕਿਸੇ ਦੇ ਮਰਨ ਉੱਤੇ ਆਪਣਿਆਂ ਸਰੀਰਾਂ ਨੂੰ ਨਾ ਚੀਰਨਾ, ਨਾ ਆਪਣੇ ਉੱਤੇ ਨਿਸ਼ਾਨੀਆਂ ਠੁਕਾਵੀਂ।**
**ਮੈਂ ਯਹੋਵਾਹ ਹਾਂ। 29ਆਪਣੀ ਧੀ ਨੂੰ ਕੰਜਰੀ ਬਣਾਉਣ ਦੇ ਲਈ ਆਪਣੀ ਧੀ ਦੀ ਪੱਤ ਨਾ ਲਾਹ,**
**ਅਜਿਹਾ ਨਾ ਹੋਵੇ ਜੋ ਧਰਤੀ ਉੱਤੇ ਕੰਜਰੀਬਾਜ਼ੀ ਪਸਰੇ ਅਤੇ ਦੇਸ ਖੋਟ ਨਾਲ ਭਰਪੂਰ ਹੋਵੇ। 30ਤੁਸਾਂ**
**ਮੇਰਿਆਂ ਸੱਬਤਾਂ ਨੂੰ ਮਨਾਉਣਾ ਅਤੇ ਮੇਰੇ ਪਵਿੱਤਰ ਅਸਥਾਨ ਦਾ ਆਦਰ ਕਰਨਾ। ਮੈਂ ਯਹੋਵਾਹ ਹਾਂ।**
**31ਤੁਸੀਂ ਉਨ੍ਹਾਂ ਦੀ ਵੱਲ ਧਿਆਨ ਨਾ ਕਰੋ ਜਿਨ੍ਹਾਂ ਦੇ ਦੇਉ ਯਾਰ ਹਨ, ਨਾ ਜਾਦੂਗਰਾਂ ਦੇ ਮਗਰ ਲੱਗੋ**
**ਜੋ ਉਨ੍ਹਾਂ ਨਾਲ ਭ੍ਰਿਸ਼ਟ ਨਾ ਹੋ ਜਾਓ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 32ਤੈਂ ਧਉਲੇ ਸਿਰ ਦੇ ਅੱਗੇ**
**ਉੱਠਣਾ, ਬੁੱਢੇ ਦੇ ਮੂੰਹ ਦਾ ਆਦਰ ਕਰਨਾ ਅਤੇ ਆਪਣੇ ਪਰਮੇਸ਼ੁਰ ਤੋਂ ਡਰਨਾ। ਮੈਂ ਯਹੋਵਾਹ ਹਾਂ।**
**33ਅਤੇ ਜੇ ਕਦੀ ਓਪਰਾ ਤੇਰੇ ਨਾਲ ਤੁਹਾਡੇ ਦੇਸ ਵਿੱਚ ਵੱਸੇ ਤਾਂ ਤੁਸਾਂ ਉਹ ਨੂੰ ਦੁਖ ਨਾ ਦੇਣਾ 34ਪਰ**
**ਜਿਹੜਾ ਓਪਰਾ ਤੁਹਾਡੇ ਵਿੱਚ ਵੱਸਦਾ ਹੈ ਸੋ ਤੁਹਾਨੂੰ ਅਜਿਹਾ ਹੋਵੇ ਜਿਹਾ ਆਪਣੇ ਵਿੱਚ ਜੰਮਿਆਂ ਹੋਵੇ**
**ਅਤੇ ਤੂੰ ਉਸ ਦੇ ਨਾਲ ਆਪਣੇ ਜਿਹਾ ਪਿਆਰ ਕਰੀਂ ਕਿਉਂ ਜੋ ਤੁਸੀਂ ਮਿਸਰ ਦੇ ਦੇਸ ਵਿੱਚ ਓਪਰੇ ਸਾਓ।**
**ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 35ਤੁਸਾਂ ਨਿਆਉਂ ਕਰਨ ਵਿੱਚ, ਨਾਪਣ ਵਿੱਚ, ਤੋਲਣ ਵਿੱਚ,**
**ਯਾ ਮਿਣਨ ਵਿੱਚ ਅਨਿਆਉਂ ਨਾ ਕਰਨਾ 36ਸੱਚੀ ਤੱਕੜੀ, ਸੱਚੇ ਵੱਟੇ, ਸੱਚਾ ਟੋਪਾ ਅਤੇ ਸੱਚਾ ਕੁੱਪਾ**

**ਤੁਹਾਡੇ ਕੋਲ ਹੋਵੇ। ਮੈਂ ਉਹ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਜੋ ਤੁਹਾਨੂੰ ਮਿਸਰ ਦੇਸੋਂ ਲਿਆਇਆ [37]ਸੋ ਤੁਸਾਂ ਮੇਰੀਆਂ ਸਭਨਾਂ ਬਿਧਾਂ ਅਤੇ ਸਭਨਾਂ ਨਿਆਵਾਂ ਨੂੰ ਮੰਨਣਾ, ਅਤੇ ਪੂਰਾ ਕਰਨਾ। ਮੈਂ ਯਹੋਵਾਹ ਹਾਂ।**

ਅਧਿਆਇ ਦੇ ਤੀਜੇ ਅਤੇ ਆਖ਼ਰੀ ਭਾਗ ਵਿਚ ਜ਼ਿੰਦਗੀ ਦੇ ਵੱਖੋ–ਵੱਖ ਪਹਿਲੂਆਂ ਨਾਲ ਸਬੰਧਿਤ ਨਿਯਮ ਹਨ। ਉਨ੍ਹਾਂ ਵਿੱਚੋਂ ਬਹੁਤੇ ਨਿਯਮ ਪਰਮੇਸ਼ੁਰ ਵੱਲੋਂ ਇਸਰਾਏਲ ਨੂੰ ਪਵਿੱਤਰ ਬਣਨ ਦੇ ਸੱਦੇ ਦੀ ਝਲਕ ਦਿੰਦੇ ਹਨ। (ਹੋਰਨਾਂ ਲੋਕਾਂ ਨਾਲੋਂ ਨਿਰਾਲੇ, ਵੱਖਰੇ ਹੋਣ ਦੇ ਅਰਥ ਵਿਚ) ਤਾਂ ਜੋ ਉਹ ਦੂਜਿਆਂ ਲਈ ਆਪਣੇ ਪਿਆਰ ਨੂੰ ਬਿਹਤਰ ਵਿਖਾ ਸਕਣ।

**ਆਇਤ 19.** ਯਹੋਵਾਹ ਨੇ **ਡੰਗਰ ਨੂੰ ਕਿਸੇ ਵੱਖਰੀ ਜਾਤ ਨਾਲ** ਮਿਲਾਉਣ, **ਰਲਿਆ ਮਿਲਿਆ ਬੀ** ਬੀਜਣ, ਜਾਂ **ਸੂਤਰ ਅਤੇ ਉੱਨ ਦਾ ਬਣਿਆ ਹੋਇਆ ਕੱਪੜਾ** ਸਣੇ ਨਾ ਮੇਲ ਖਾਂਦੀਆਂ ਚੀਜ਼ਾਂ ਨੂੰ ਰਲਾਉਣ ਦੀ ਮਨਾਹੀ ਕੀਤੀ। ਆਰ. ਲੇਅਰਡ ਹੈਰਿਸ ਨੇ ਇਨ੍ਹਾਂ ਹੁਕਮਾਂ ਦੇ ਕਈ ਸੰਭਾਵਿਤ ਅਰਥਾਂ ਦੀ ਚਰਚਾ ਕੀਤੀ। ਖੇਤ ਵਿਚ ਦੋ ਤਰ੍ਹਾਂ ਦੇ ਬੀ ਬੀਜਣਾ ਸ਼ਾਇਦ ਵੱਖੋ–ਵੱਖ ਸਮਿਆਂ ਤੇ ਪੱਕਣ ਵਾਲੀ ਫ਼ਸਲ ਨੂੰ ਵੱਢਣਾ ਮੁਸ਼ਕਿਲ ਬਣਾ ਦਿੰਦਾ ਹੋਵੇ। ਬੇਮੇਲ ਸੁੰਗੜਨ ਦੀ ਮੁਸ਼ਕਿਲ ਕਰਕੇ ਦੋ ਤਰ੍ਹਾਂ ਦੇ ਕੱਪੜੇ ਬਣਾਉਣਾ ਮੁਸ਼ਕਿਲ ਹੁੰਦਾ ਹੋਵੇਗਾ। ਉਹਨੇ ਆਖਿਆ ਕਿ ਦੋ ਤਰ੍ਹਾਂ ਦੇ ਜਾਨਵਰਾਂ ਨੂੰ ਰਲਾਉਣ ਦਾ ਮਤਲਬ ਇਹ ਹੋ ਸਕਦਾ ਹੈ ਕਿ ਇਸਰਾਏਲੀ ਖੱਚਰ ਪੈਦਾ ਕਰਨ ਲਈ ਘੋੜੇ ਅਤੇ ਗਧੇ ਦੀ ਨਸਲ ਨੂੰ ਨਾ ਰਲਾਉਣ (ਭਾਵੇਂ ਇਹ ਨਾ ਹੁੰਦਾ ਹੋਵੇ) ਜਾਂ ਉਹ ਕਨਾਨ ਦੀ ਘਟੀਆ ਨਸਲ ਨਾਲ ਵਧੀਆ ਨਸਲ ਦੇ ਆਪਣੇ ਮਿਸਰੀ ਡੰਗਰਾਂ ਨੂੰ ਨਾ ਰਲਾਉਣ। ਹੋਰ ਸੰਭਾਵਨਾ ਇਹ ਹੈ ਕਿ ਇਹ ਹਵਾਲਾ ਇਹ ਸੰਕੇਤ ਦਿੰਦਾ ਹੈ ਕਿ ਹਲ ਵਾਹੁਣ ਜਾਂ ਗੱਡਾ ਚਲਾਉਣ ਲਈ ਗਧੇ ਅਤੇ ਬਲਦ ਇਕੱਠੇ ਨਾ ਜੋਏ ਜਾਣ (ਵੇਖੋ ਬਿਵਸਥਾ ਸਾਰ 22:9–11)।[10]

ਇਨ੍ਹਾਂ ਨਿਯਮਾਂ ਦਾ ਸਹੀ ਅਰਥ ਭਾਵੇਂ ਜੋ ਵੀ ਹੋਵੇ ਪਰ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਇਸਰਾਏਲੀਆਂ ਲਈ ਲਾਹੇਵੰਦ ਹੁੰਦੇ ਹੋਣਗੇ। ਇਹ ਵੀ ਲਗਦਾ ਹੈ ਕਿ ਉਹ ਕੌਮਾਂ ਵਿਚਕਾਰ ਇਸਰਾਏਲ ਦੀ ਸਥਿਤੀ ਲਈ ਉਦਾਹਰਣ ਪੇਸ਼ ਕਰਨ ਲਈ ਸਨ। ਜਿਵੇਂ ਬੇਮੇਲ ਜਾਨਵਰ, ਫ਼ਸਲ ਅਤੇ ਕੱਪੜਾ **ਰਲਿਆ ਮਿਲਿਆ** ਨਹੀਂ ਹੋ ਸਕਦਾ ਸੀ ਉਵੇਂ ਹੀ ਇਸਰਾਏਲ ਦੀ ਪਵਿੱਤਰਤਾਈ ਭਾਵ ਪਰਮੇਸ਼ੁਰ ਦੇ ਲੋਕਾਂ ਦੇ ਰੂਪ ਵਿਚ ਉਨ੍ਹਾਂ ਦਾ ਖ਼ਾਸ ਰੁਤਬਾ ਇਹ ਅਰਥ ਦਿੰਦਾ ਸੀ ਕਿ ਉਹ ਸੰਸਾਰ ਨਾਲ ਇਵੇਂ ਨਾ ‘‘ਰਲਣ’’ ਜਿਸ ਨਾਲ ਉਨ੍ਹਾਂ ਦੀ ਧਾਰਮਿਕਤਾ ਘਟ ਜਾਵੇ। ਪਰਮੇਸ਼ੁਰ ਦੇ ਲੋਕਾਂ ਲਈ ਉਸ ਦੇ ਪ੍ਰਤੀ ਆਪਣੇ ਸਮਰਪਣ ਵਿਚ ਅਲਹਿਦਾ ਰਹਿਣਾ ਅਸਲ ਵਿਚ ਆਪਣੇ ਗੁਆਂਢੀਆਂ ਲਈ ਪਿਆਰ ਦਾ ਇਜ਼ਹਾਰ ਹੋਣਾ ਸੀ। ਕਿਉਂ ਜੋ ਦੂਜਿਆਂ ਲਈ ਸਭ ਤੋਂ ਵਧੀਆ ਗੱਲ ਜਿਹੜੀ ਉਹ ਕਰ ਸਕਦੇ ਸਨ ਉਹ ‘‘ਕੌਮਾਂ ਲਈ ਜੋਤ’’ ਬਣਨਾ (ਯਸਾਯਾਹ 42:6) ਸੀ; ਅਤੇ ਦੂਜਿਆਂ ਨਾਲੋਂ ਫ਼ਰਕ ਹੋਏ ਬਗ਼ੈਰ ਭਾਵ ਪੂਰੀ ਤਰ੍ਹਾਂ ਨਾਲ ਯਹੋਵਾਹ ਪਰਮੇਸ਼ੁਰ ਨੂੰ ਆਪਣੇ ਆਪ ਨੂੰ ਦੇਣ ਤੋਂ ਬਿਨਾਂ ਉਹ ਅਜਿਹੀ ਜੋਤ ਨਹੀਂ ਬਣ ਸਕਦੇ ਸਨ।

**ਆਇਤਾਂ 20-22.** ਧਿਆਨ ਕਿਸੇ ਇਸਰਾਏਲੀ ਦੇ ਖ਼ਾਸ ਦ੍ਰਿਸ਼ ਵੱਲ ਮੁੜ ਜਾਂਦਾ ਹੈ **ਜਿਹੜਾ ਕਿਸੇ ਤੀਵੀਂ ਨਾਲ ਜੋ ਟਹਿਲਨ ਹੈ ਅਤੇ ਜੋ ਕਿਸੇ ਭਰਤੇ ਦੀ ਮੰਗੀ ਹੋਈ ਹੈ ਸੰਗ** ਕਰਦਾ ਹੈ (19:20)। ਦੂਜੇ ਸ਼ਬਦਾਂ ਵਿਚ ਇਹ ਨਿਯਮ ਕਿਸੇ ਆਦਮੀ ਦੇ ਅਜਿਹੀ ਔਰਤ ਨਾਲ ਸੰਗ ਕਰਨ ਬਾਰੇ ਹੈ ਜਿਹੜੀ ਉਸ ਦੀ ਪਤਨੀ ਜਾਂ ਉਸ ਦੀ ਗੁਲਾਮ ਨਹੀਂ ਸੀ, ਪਰ ਇਕ ਜਨਾਨਾ ਗੁਲਾਮ ਸੀ ਜਿਸ ਦਾ **ਵੱਟਾ ਨਾ ਦਿੱਤਾ ਗਿਆ ਹੋਵੇ** ਜਾਂ ਉਹ ਛੱਡੀ ਨਾ ਗਈ ਹੋਵੇ। ਭਾਵ ਜਿਹੜੀ ਕਿਸੇ ਹੋਰ ਦੀ ਸੀ। ਵਿਭਚਾਰ ਮੌਤ ਦੀ ਸਜ਼ਾ ਦੇ ਯੋਗ ਅਪਰਾਧ ਸੀ, ਇਸ ਕਰਕੇ ਸਵਾਲ ਉੱਠਦਾ ਹੋਵੇਗਾ ਕਿ ‘‘ਭਲਾ ਉਨ੍ਹਾਂ ਦੋਹਾਂ ਨੂੰ ਪਥਰਾਅ ਕੀਤਾ ਜਾਵੇ?’’ ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਪਾਪ ਹੋਣਾ ਸੀ, ਪਰ ਯਹੋਵਾਹ ਨੇ ਆਖਿਆ ਕਿ **ਓਹ ਵੱਢੇ ਨਾ ਜਾਣ ਕਿਉਂ ਜੋ ਉਹ ਅਜ਼ਾਦ ਨਹੀਂ ਸੀ**।[11] **ਬੈਂਤਾਂ ਨਾਲ** ਮਾਰੇ

ਜਾਣ ਦਾ ਵੇਰਵਾ ਭਾਵੇਂ ਨਹੀਂ ਦਿੱਤਾ ਗਿਆ ਪਰ ਅਜਿਹਾ ਪਾਪ ਕਰਨ ਵਾਲੇ ਜੋੜੇ ਨੂੰ ਸਜ਼ਾ ਦਿੱਤੀ ਜਾਣੀ ਸੀ (19:20)। ਆਪਣੇ ਪਾਪ ਦੀ ਭਰਪਾਈ ਲਈ ਆਦਮੀ ਲਈ **ਦੋਸ਼ ਦੀ ਭੇਟ** ਲਿਆਉਣੀ ਜ਼ਰੂਰੀ ਸੀ ਜਿਸ ਵਿਚ **ਛੱਤ੍ਰਾ** ਯਾਜਕ ਅੱਗੇ ਪੇਸ਼ ਕਰਨਾ ਹੁੰਦਾ ਸੀ ਜਿਸ ਨੇ **ਉਸ ਪਾਪ ਦੇ ਕਾਰਣ ਜੋ ਉਸ ਨੇ ਕੀਤਾ** ਹੋਵੇ **ਪ੍ਰਾਸਚਿਤ** ਕਰਨਾ ਹੁੰਦਾ ਸੀ। ਉਸ ਪ੍ਰਾਸਚਿਤ ਦੇ ਕਾਰਣ ਉਸਦੀ **ਖਿਮਾ ਹੋ** ਜਾਣੀ ਹੁੰਦੀ ਸੀ (19:21, 22)।

ਇਸ ਨਿਯਮ ਦਾ ਵਿਚਾਰ ਇਹ ਲਗਦਾ ਹੈ ਕਿ ਜਦੋਂ ਕੋਈ ਗਲਤੀ ਕਰੇ, ਤਾਂ ਉਹਨੂੰ ਅਤੇ ਉਹਦੇ ਵੱਲੋਂ ਸਹੀ ਜਵਾਬ ਦਿੱਤਾ ਜਾਣਾ ਜ਼ਰੂਰੀ ਹੈ। ਸਾਫ਼ ਹੈ ਕਿ ਦੱਸੇ ਗਏ ਤਰੀਕੇ ਅਨੁਸਾਰ ਪਾਪ ਕਰਨ ਵਾਲੇ ਆਦਮੀ ਨੂੰ ਪਥਰਾਅ ਕਰਨਾ ਗਲਤ ਹੋਣਾ ਸੀ (ਅਤੇ ਉਸ ਔਰਤ ਨੂੰ ਪਥਰਾਅ ਕਰਨਾ ਹੋਰ ਵੀ ਗਲਤ ਹੋਣਾ ਸੀ ਜਿਸਦੇ ਨਾਲ ਉਹ ਲੇਟਿਆ ਸੀ)। ਉਹਦੇ ਲਈ ਆਪਣੇ ਪਾਪ ਦੀ ਮਾਫ਼ੀ ਮੰਗ ਕੇ ਦੋਸ਼ ਦੀ ਭੇਟ ਨਾ ਲਿਆਉਣਾ ਵੀ ਗਲਤ ਹੋਣਾ ਸੀ। ਸਹੀ ਕੰਮ ਨਾ ਕਰ ਕਰਨ ਕਰਕੇ ਪਾਪੀਆਂ ਨੇ ਦੁਖੀ ਹੋਣਾ ਸੀ। ਇਸ ਨੇ ਸਮਾਜ ਨੂੰ ਵੀ ਦੁਖੀ ਕਰਨਾ ਸੀ। ਦੂਜਿਆਂ ਨੂੰ ਪਿਆਰ ਕਰਨ ਲਈ ਗਲਤੀ ਕਰਨ ਤੋਂ ਬਾਅਦ ਸਹੀ ਕਰਨਾ ਜ਼ਰੂਰੀ ਸੀ। ਪਰਮੇਸ਼ੁਰ ਦੇ ਲੋਕਾਂ ਵਿੱਚੋਂ ਹਰ ਕਿਸੇ ਕੋਲੋਂ ਪਾਪ, ਜਾਂ ਗਲਤੀ ਹੋ ਸਕਦੀ ਸੀ, ਇਸ ਕਰਕੇ ਉਨ੍ਹਾਂ ਦੇ ਆਪਣੇ ਅਤੇ ਸਮਾਜ ਦੇ ਭਲੇ ਲਈ ਜ਼ਰੂਰੀ ਗੱਲ ਇਹ ਸੀ ਕਿ ਹਰ ਪਾਪੀ ਆਪਣੀ ਗਲਤੀ ਦੇ ਸੁਧਾਰ ਲਈ ਆਪਣੀ ਪੂਰੀ ਕੋਸ਼ਿਸ਼ ਕਰੇ।

**ਆਇਤਾਂ 23-25.** ਅਗਲਾ ਨਿਯਮ ਇਸਰਾਏਲੀਆਂ ਦੇ ਕਨਾਨ ਵਿਚ ਵੱਸ ਜਾਣ ਦੇ ਬਾਅਦ ਉਨ੍ਹਾਂ ਦੀ ਜ਼ਿੰਦਗੀ ਨਾਲ ਸਬੰਧਿਤ ਹੈ। ਯਹੋਵਾਹ ਨੇ ਆਖਿਆ ਕਿ ਵਾਅਦੇ ਦੀ ਧਰਤੀ ਵਿਚ ਉਹ **ਭਾਂਤ ਭਾਂਤ ਦੇ ਬੂਟਿਆਂ ਨੂੰ ਖਾਣ ਲਈ** ਲਾਉਣ। **ਤਿੰਨਾਂ ਵਰ੍ਹਿਆਂ ਤਾਈਂ** ਉਨ੍ਹਾਂ ਨੇ ਇਨ੍ਹਾਂ ਰੁੱਖਾਂ ਨੂੰ ਉੱਗ ਕੇ **ਫਲ** ਦੇਣ ਦੇਣਾ ਸੀ। ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦਾ ਫਲ ਕੱਟਣਾ ਨਹੀਂ ਸੀ। ਕਿਉਂ ਜੋ ਇਹ ਉਨ੍ਹਾਂ ਲਈ **ਅਸੁੰਨਤੀ**[12] ਹੋਣਾ ਸੀ (19:23)। **ਚਉਥੇ ਵਰਹੇ** ਉਨ੍ਹਾਂ ਨੇ ਪਰਮੇਸ਼ੁਰ ਨੂੰ ਫਲ ਦੇਣਾ ਸੀ; ਇਹ **ਪਵਿੱਤਰ** ਹੋਣਾ ਸੀ ਅਤੇ ਇਸ ਨੂੰ **ਯਹੋਵਾਹ ਦੇ ਉਪਕਾਰ ਮੰਨਣ ਲਈ** ਦਿੱਤਾ ਜਾਣਾ ਸੀ (19:24)। ਸਿਰਫ਼ **ਪੰਜਵੇਂ ਵਰਹੇ ਵਿਚ** ਉਹ ਉਨ੍ਹਾਂ ਰੁੱਖਾਂ ਦੇ **ਫਲ** ਵਿੱਚੋਂ ਜਿਹੜੇ ਉਨ੍ਹਾਂ ਨੇ ਲਾਏ ਸਨ **ਖਾ** ਸਕਦੇ ਸਨ (19:25)।

ਸੰਭਵ ਤੌਰ ਤੇ ਇਨ੍ਹਾਂ ਸ਼ਰਤਾਂ ਦੀ ਵਿਆਖਿਆ ਇਹ ਹੈ ਕਿ ਪਹਿਲੇ ਤਿੰਨ ਸਾਲਾਂ ਤਕ ਫ਼ਸਲ ਬਹੁਤ ਘੱਟ ਹੁੰਦੀ ਹੋਵੇਗੀ। ਇਸ ਕਰਕੇ ਉਸ ਸਮੇਂ ਦੌਰਾਨ ਉਨ੍ਹਾਂ ਰੁੱਖਾਂ ਤੋਂ ਫ਼ਸਲ ਨਾ ਲੈਣਾ ਖੇਤੀਬਾੜੀ ਦੀ ਚੰਗੀ ਰੀਤ ਸੀ।[13] ਇਸ ਤੋਂ ਬਾਅਦ ਇਸਰਾਏਲੀ ਪਹਿਲੀ ਅਸਲ ਫ਼ਸਲ ਭਾਵ ਚੌਥੇ ਸਾਲ ਹੋਣ ਵਾਲੀ ਫ਼ਸਲ ਯਹੋਵਾਹ ਅੱਗੇ ਅਰਪਣ ਕਰਕੇ ਆਪਣੇ ਸਮਰਪਣ ਨੂੰ ਵਿਖਾਉਂਦੇ ਸਨ। ਅਜਿਹਾ ਕਰਨ ਦਾ ਮਤਲਬ ਪਰਮੇਸ਼ੁਰ ਅੱਗੇ ਆਪਣੇ ਪਹਿਲੇ ਫਲ ਦੀ ਭੇਟ ਚੜ੍ਹਾਉਣਾ ਹੁੰਦਾ ਹੋਵੇਗਾ।[14] ਚੌਥੇ ਸਾਲ ਦੇ ਬਾਅਦ ਲੋਕਾਂ ਨੂੰ ਫ਼ਸਲ ਵਿੱਚੋਂ ਖਾਣ ਦੀ ਖੁੱਲ੍ਹ ਹੁੰਦੀ ਸੀ। ਪਰ ਬੇਸ਼ੱਕ ਉਨ੍ਹਾਂ ਤੋਂ ਆਪਣੇ ਬਾਗਾਂ ਵਿੱਚੋਂ ਯਹੋਵਾਹ ਦੇ ਅੱਗੇ ਭੇਟਾਂ ਲਿਆਉਂਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਸੀ। ਅਜਿਹਾ ਕਰਦੇ ਰਹਿਣ ਤੇ ਉਨ੍ਹਾਂ ਨੂੰ ਬਰਕਤ ਮਿਲਣੀ ਸੀ।[15]

ਚੌਥੇ ਸਾਲ ਦੀ ਫ਼ਸਲ ਯਹੋਵਾਹ ਨੂੰ ਦੇਣਾ ਇਸਰਾਏਲੀਆਂ ਦੀ ਪਵਿੱਤਰਤਾਈ ਨੂੰ ਅਤੇ ਪਰਮੇਸ਼ੁਰ ਵਿਚ ਉਨ੍ਹਾਂ ਦੇ ਭਰੋਸੇ ਨੂੰ ਵਿਖਾਉਂਦਾ ਸੀ। ਆਪਣੇ ਰੁੱਖਾਂ ਵਿੱਚੋਂ ਪਹਿਲਾ ਚੰਗਾ ਫਲ ਉਹਨੂੰ ਦੇ ਕੇ ਉਹ ਜ਼ਿੰਦਾ ਕਿਵੇਂ ਰਹਿ ਸਕਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਖ਼ੁਦਾ ਕਿਸੇ ਨਾ ਕਿਸੇ ਤਰ੍ਹਾਂ ਨਾਲ ਮੁਹੱਈਆ ਕਰਵਾ ਦੇਵੇਗਾ। ਇਹ ਭਰੋਸਾ ਰੱਖਦਿਆਂ ਕਿ ਯਹੋਵਾਹ ਨੂੰ ਪਤਾ ਸੀ ਕਿ ਉਨ੍ਹਾਂ ਲਈ ਸਭ ਤੋਂ ਵਧੀਆ ਕੀ ਹੈ, ਅਤੇ ਉਸ ਭਰੋਸੇ ਉੱਤੇ ਅਮਲ ਕਰਦਿਆਂ, ਭਰੋਸਾ ਰੱਖਣ ਵਾਲੇ ਵਿਅਕਤੀ ਅਤੇ ਸਭਨਾਂ ਨੂੰ ਫ਼ਾਇਦਾ ਮਿਲਣਾ ਸੀ।[16]

**ਆਇਤਾਂ 26-28.** ਇਸ ਤੋਂ ਬਾਅਦ ਯਹੋਵਾਹ ਪਰਮੇਸ਼ੁਰ ਨੇ ਇਹ ਸੁਝਾਅ ਦਿੰਦਿਆਂ ਕਿ ਜਦ

ਇਸਰਾਏਲੀ ਲੋਕ ਕਨਾਨ ਦੇ ਅੰਦਰ ਦਾਖਲ ਹੋਣ (19:23) ਤਾਂ ਉਹ ਕੁਝ ਬੁੱਤਪ੍ਰਸਤ ਰੀਤਾਂ ਵਿਚ ਲੱਗਣ ਦੇ ਪਰਤਾਵੇ ਵਿਚ ਪੈਣਗੇ, ਕਈ ਬੁੱਤਪ੍ਰਸਤ ਰੀਤਾਂ ਉੱਤੇ ਫੋਕਸ ਕੀਤਾ। (1) ਦੇਸ਼ ਦੇ ਲੋਕਾਂ ਦਾ ਬਿਨਾਂ **ਲਹੂ** ਨਿਚੋੜੇ ਮਾਸ **ਖਾ** ਜਾਣਾ ਸੰਭਵ ਤੌਰ ਤੇ ਉਨ੍ਹਾਂ ਵੱਲੋਂ ਆਪਣੇ ਦੇਵਤਿਆਂ ਨੂੰ ਚੜ੍ਹਾਏ ਗਏ ਚੜ੍ਹਾਵਿਆਂ ਲਈ ਕਿਹਾ ਗਿਆ (19:26)। (2) ਉਹ **ਜਾਦੂ ਕਰਦੇ** ਅਤੇ **ਮਹੂਰਤ ਵੇਖਦੇ** ਭਾਵ ਅਜਿਹੇ ਢੰਗ ਵਰਤਦੇ ਸਨ ਜਿਨ੍ਹਾਂ ਨਾਲ ਬੁੱਤਪ੍ਰਸਤ ਲੋਕ ਦੇਵਤਿਆਂ ਜਾਂ ਰੂਹਾਂ ਦੀ ਇੱਛਾ ਜਾਣਨ ਦਾ ਦਾਅਵਾ ਕਰਦੇ ਸਨ (19:26)। (3) ਇਹ ਵਿਖਾਉਣ ਲਈ ਕਿ ਉਹ ਕਿਸੇ ਖ਼ਾਸ ਦੇਵੀ ਦੇਵਤੇ ਦੇ ਪੁਜਾਰੀ ਹਨ ਜਾਂ ਕਿਸੇ ਖ਼ਾਸ ਫ਼ਿਰਕੇ ਨੂੰ ਮੰਨਣ ਵਾਲੇ ਹਨ, ਉਹ ਖ਼ਾਸ ਢੰਗ ਨਾਲ ਵਾਲ ਅਤੇ **ਦਾੜ੍ਹੀ** ਕੱਟਦੇ ਸਨ (19:27)। (4) ਉਹ ਦੇਵੀ ਦੇਵਤਿਆਂ ਦਾ ਧਿਆਨ ਖਿੱਚਣ ਜਾਂ **ਮਰਨ** ਵਾਲਿਆਂ ਦੀ ਮਦਦ ਕਰਨ ਲਈ ਬੇਨਤੀ ਕਰਨ ਲਈ **ਆਪਣੇ ਸਰੀਰਾਂ ਨੂੰ ਚੀਰਦੇ**[17] ਅਤੇ ਆਪਣੇ ਸਰੀਰਾਂ ਤੇ **ਨਿਸ਼ਾਨੀਆਂ ਠੁਕਾ** ਕੇ ਸਜਾਵਟੀ ਬਣਾ ਕੇ ਆਪਣੇ ਬੁੱਤਪ੍ਰਸਤ ਹੋਣ ਨੂੰ ਵਿਖਾਉਂਦੇ ਸਨ (19:28)।[18]

ਇਸਰਾਏਲੀਆਂ ਨੇ ਇਨ੍ਹਾਂ ਵਿੱਚੋਂ ਕਿਸੇ ਵੀ ਰੀਤ ਵਿਚ ਹਿੱਸਾ ਨਹੀਂ ਲੈਣਾ ਸੀ। ਉਨ੍ਹਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਉਹ ਖ਼ੂਨ ਨਹੀਂ ਖਾ ਸਕਦੇ; ਕਨਾਨੀਆਂ ਦੀਆਂ ਬੁੱਤਪ੍ਰਸਤ ਰੀਤਾਂ ਨਾਲ ਉਨ੍ਹਾਂ ਨੂੰ ਇਸ ਹੁਕਮ ਨੂੰ ਮੰਨਣ ਦਾ ਇਕ ਹੋਰ ਕਾਰਣ ਮਿਲ ਗਿਆ। ਉਨ੍ਹਾਂ ਨੇ ਅਗਵਾਈ ਲਈ ਸਿਰਫ਼ ਪਰਮੇਸ਼ੁਰ ਤੋਂ ਪੁੱਛਣਾ ਸੀ। ਭਾਵ ਉਹ ਪੁੱਛਣਾ ਪੁਆਉਣ ਜਾਂ ਮਹੂਰਤ ਵੇਖਣ ਦਾ ਕੰਮ ਨਹੀਂ ਕਰ ਸਕਦੇ ਸਨ (ਵੇਖੋ 19:31)। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਧਿਆਨ ਰੱਖਣਾ ਸੀ ਕਿ ਅਜਿਹੇ ਫ਼ਿਰਕਿਆਂ ਵਾਂਗ ਵਾਲ ਮੁਨਵਾਉਣ, ਦਾੜ੍ਹੀ ਕਟਵਾਉਣ ਤੇ ਹੋਰ ਟੈਟੂ ਨਾ ਬਣਾ ਕੇ ਕਿ ਉਹ ਇਨ੍ਹਾਂ ਗੱਲਾਂ ਦੀ ਪ੍ਰਵਾਨਗੀ ਨਾ ਦੇਣ। ਸੰਖੇਪ ਵਿਚ ਉਨ੍ਹਾਂ ਨੇ ਅਜਿਹੇ ਸਾਰੇ ਵਤੀਰੇ ਤੋਂ ਬਚਣਾ ਸੀ ਜਿਸ ਤੋਂ ਇਹ ਲੱਗੇ ਕਿ ਉਹ ਦੂਜੇ ਧਰਮਾਂ ਦੀਆਂ ਰੀਤਾਂ ਨੂੰ ਮੰਨਦੇ ਹਨ। ਉਹ ਪਵਿੱਤਰ ਲੋਕ ਭਾਵ ਅੱਡ ਕੀਤੇ ਹੋਏ ਲੋਕ ਸਨ ਅਤੇ ਉਨ੍ਹਾਂ ਨੇ ਬੁੱਤਪ੍ਰਸਤ ਧਰਮਾਂ ਦੀਆਂ ਰੀਤਾਂ ਨੂੰ ਮੰਨਣ ਜਾਂ ਮੰਨਣ ਵਾਲੇ ਲੱਗਣ ਤੋਂ ਬਚ ਕੇ ਆਪਣੀ ਪਵਿੱਤਰਤਾਈ ਨੂੰ ਵਿਖਾਉਣਾ ਸੀ।

ਨਾਲੇ ਅਜਿਹਾ ਕਰਕੇ ਉਨ੍ਹਾਂ ਨੇ ਆਪਣੇ ਗੁਆਂਢੀਆਂ ਲਈ ਆਪਣੇ ਪਿਆਰ ਨੂੰ ਵਿਖਾਉਣਾ ਸੀ। ਸੰਸਾਰ ਨੂੰ ਜੀਣ ਦੇ ਆਪਣੇ ਤਰੀਕੇ ਦੀ ਬਰਕਤ ਦੇ ਕੇ ਇਸਰਾਏਲੀਆਂ ਨੇ ਆਪਣੀ ਨਿਰਾਲੀ ਪਛਾਣ ਨੂੰ ਬਰਕਰਾਰ ਰੱਖਣਾ ਸੀ ਅਤੇ ਉਨ੍ਹਾਂ ਨੇ ਇਸ ਨਾਲ ਆਪਣੇ ਬੁੱਤਪ੍ਰਸਤ ਗੁਆਂਢੀਆਂ ਦੇ ਤਰੀਕੇ ਨੂੰ ਮੰਨਣ ਤੋਂ ਇਨਕਾਰ ਕਰਕੇ ਆਪਣੀ ਪਛਾਣ ਨੂੰ ਬਣਾਈ ਰੱਖਿਆ। ਉਹ ਦੂਜਿਆਂ ਲਈ ਬਰਕਤ ਸਿਰਫ਼ ਤਦੇ ਹੋ ਸਕਦੇ ਸਨ ਜੇ ਉਹ ਦੂਜਿਆਂ ਨਾਲੋਂ ਫ਼ਰਕ ਹੁੰਦੇ। ਇਨ੍ਹਾਂ ਸ਼ਰਤਾਂ ਨੂੰ ਮੰਨਣ ਦੀ ਅਹਿਮੀਅਤ ਤੇ ਜ਼ੋਰ ਪਰਮੇਸ਼ੁਰ ਦੇ **ਮੈਂ ਯਹੋਵਾਹ ਹਾਂ** ਆਖਕੇ ਦਿੱਤਾ ਗਿਆ।

**ਆਇਤ 29.** ਅਗਲੇ ਨਿਯਮ ਨੂੰ ਵੀ ਕਨਾਨੀਆਂ ਦੀ ਧਾਰਮਿਕ ਰੀਤ ਨਾਲ ਜੋੜਿਆ ਜਾ ਸਕਦਾ ਹੈ। ਯਹੋਵਾਹ ਨੇ ਹੁਕਮ ਦਿੱਤਾ, **ਆਪਣੀ ਧੀ ਨੂੰ ਕੰਜਰੀ ਬਣਾਉਣ ਦੇ ਲਈ ਆਪਣੀ ਧੀ ਦੀ ਪੱਤ ਨਾ ਲਾਹ।** ਸ਼ਾਇਦ ਉਹ ਉਸ ਫ਼ਿਰਕੇ ਦੀਆਂ ਵੇਸਵਾਵਾਂ ਭਾਵ ਕਾਫ਼ਰ ਦੇਵਤਿਆਂ ਦੇ ਮੰਦਰਾਂ ਵਿਚ ਸੇਵਾ ਕਰਨ ਵਾਲੀਆਂ ਕੰਜਰੀਆਂ ਦੀ ਗੱਲ ਕਰ ਰਿਹਾ ਸੀ। ਇਹ ਵਿਆਖਿਆ ਸੰਦਰਭ ਨਾਲ ਮੇਲ ਖਾਂਦੀ ਹੈ। ਪਰ ਇਸ ਆਇਤ ਨਾਲ ਆਪਣੀ ਧੀ ਨੂੰ ਕਿਸੇ ਵੀ ਤਰ੍ਹਾਂ ਦੇ ਵੇਸਵਾਪੁਣੇ ਲਈ ਵੇਚਣ ਦੀ ਨਿਖੇਧੀ ਕੀਤੀ ਗਈ ਹੋਵੇਗੀ।

ਇਸ ਮਨਾਹੀ ਦੇ ਦਿੱਤੇ ਜਾਣ ਦਾ ਕਾਰਣ ਇਹ ਹੈ ਕਿ ਜੇ ਇਸਰਾਏਲੀ ਇਸ ਪੇਸ਼ੇ ਨੂੰ ਵਧਾਵਾ ਦੇਣਾ ਮੰਨ ਜਾਂਦੇ ਤਾਂ **ਧਰਤੀ ਉੱਤੇ ਕੰਜਰੀਬਾਜ਼ੀ ਪਸਰ** ਜਾਣੀ ਸੀ ਅਤੇ **ਦੇਸ ਖੋਟ ਨਾਲ ਭਰਪੂਰ** ਹੋ ਜਾਣਾ ਸੀ। ਪਾਪ ਸੁਭਾਵਕ ਤੌਰ ਤੇ ਵਧਦਾ ਹੈ। ਜੇ ਵੇਸਵਾਪੁਣੇ ਨੂੰ ਵਧਾਵਾ ਦੇ ਦਿੱਤਾ ਜਾਂਦਾ ਤਾਂ ਛੇਤੀ ਹੀ ਇਹ ਹਰ ਪਾਸੇ ਫੈਲ ਜਾਣੀ ਹੁੰਦੀ ਸੀ। ਜਿਸ ਨਾਲ ਪਾਪੀ ਲੋਕਾਂ ਨੇ ਉਨ੍ਹਾਂ ਨੂੰ ਪਰਮੇਸ਼ੁਰ ਵੱਲੋਂ ਦਿੱਤੀ ਧਰਤੀ ਨੂੰ ਭ੍ਰਸ਼ਟ ਕਰ ਦੇਣਾ ਸੀ।

**ਆਇਤ 30.** ਜੇ ਇਹ ਮੰਨ ਲਿਆ ਜਾਵੇ ਕਿ ਅਧਿਆਇ ਦਾ ਇਹ ਭਾਗ ਇਸਰਾਏਲੀਆਂ ਵੱਲੋਂ ਕਨਾਨ ਦੇਸ਼ ਵਿਚ ਪਹੁੰਚਣ ਤੇ ਕੀਤੇ ਜਾਣ ਵਾਲੇ ਕੰਮ ਦੇ ਤਰੀਕੇ ਨਾਲ ਸਬੰਧਿਤ ਹੈ ਤਾਂ 19:30 ਆਪਣੇ ਤੋਂ ਪਹਿਲੇ ਅਤੇ ਬਾਅਦ ਵਾਲੀ ਗੱਲ ਦੇ ਉਲਟ ਹੈ। ਪਰਮੇਸ਼ੁਰ ਦੇ ਲੋਕਾਂ ਨੇ ਕਨਾਨ ਦੇ ਲੋਕਾਂ ਦੇ ਵਤੀਰੇ ਦੀ ਨਕਲ ਕਰਨ ਦੀ ਬਜਾਇ ਪਰਮੇਸ਼ੁਰ ਦੀਆਂ ਗੱਲਾਂ ਦਾ ਆਦਰ ਕਰਨਾ ਸੀ, ਕਿਉਂ ਜੋ ਉਨ੍ਹਾਂ ਨੇ ਉਸ ਦੇ **ਸੱਬਤਾਂ ਨੂੰ ਮਨਾਉਣਾ** ਅਤੇ ਉਸ ਦੇ **ਪਵਿੱਤਰ ਅਸਥਾਨ ਦਾ ਆਦਰ ਕਰਨਾ** ਸੀ। ਬਹੁਵਚਨ ਸ਼ਬਦ ''ਸੱਬਤਾਂ'' ਹਫ਼ਤਾਵਰੀ ਸੱਬਤਾਂ, ਪਵਿੱਤਰ ਦਿਹਾੜਿਆਂ ਅਤੇ ਸੱਬਤ ਦੇ ਵਰ੍ਹੇ ਦੇ ਪੂਰੇ ਕਲੰਡਰ ਦਾ ਸੁਝਾਅ ਦਿੰਦਾ ਹੈ। ''ਪਵਿੱਤਰ ਅਸਥਾਨ'' ਸ਼ਬਦ ਇੱਥੇ ਡੇਰੇ ਦੀ ਗੱਲ ਕਰਦਾ ਹੈ। ਪਰ ਹੈਕਲ ਦੇ ਬਣ ਜਾਣ ਤੇ ਇਹ ਉਹਦੇ ਲਈ ਲਾਗੂ ਹੋਣਾ ਸੀ। ਇਨ੍ਹਾਂ ਨਿਯਮਾਂ ਤੋਂ ਸੰਕੇਤ ਮਿਲਦਾ ਹੈ ਕਿ ਵਾਅਦੇ ਦੀ ਧਰਤੀ ਝੂਠੇ ਦੇਵੀ ਦੇਵਤਿਆਂ ਲਈ ਪ੍ਰਾਰਥਨਾ ਦਾ ਥਾਂ ਨਹੀਂ ਹੋਣਾ ਸੀ, ਬਲਕਿ ਹਮੇਸ਼ਾ ਉਹ ਥਾਂ ਰਹਿਣੀ ਚਾਹੀਦੀ ਹੈ ਜਿੱਥੇ ਯਹੋਵਾਹ ਪਰਮੇਸ਼ੁਰ ਦੀ ਹੀ ਬੰਦਗੀ ਹੁੰਦੀ।

**ਆਇਤ 31.** ਸਾਫ਼ ਤੌਰ ਤੇ ਆਖ਼ਰੀ ਪਾਬੰਦੀ ਕਨਾਨ ਦੇ ਬੁੱਤਪ੍ਰਸਤਵਾਦ ਨਾਲ ਸਬੰਧਿਤ ਸੀ ਜੋ ਇਹ ਹੈ ਕਿ ਇਸਰਾਏਲੀ ਨਾ ਤਾਂ ਉਨ੍ਹਾਂ ਦੇ **ਜਿਨ੍ਹਾਂ ਦੇ ਦੇਉ ਯਾਰ ਹਨ, ਨਾ ਜਾਦੂਗਰਾਂ ਦੇ ਮਗਰ ਲੱਗਣ**। ''ਦੇਉ ਯਾਰ'' ਜਮੂਰੇ ਲਈ ਵਰਤਿਆ ਗਿਆ ਸ਼ਬਦ ਹੈ ਜਿਹੜਾ ਮਰੇ ਹੋਏ ਆਦਮੀ ਅਤੇ ਜੀਉਂਦੇ ਆਦਮੀ ਵਿਚਕਾਰ ਮਾਧਿਅਮ ਦਾ ਕੰਮ ਕਰਦਾ ਸੀ। ''ਜਾਦੂਗਰ'' ਰੂਹਾਂ ਦੇ ਜਹਾਨ ਤੋਂ ਇਸ ਸੰਸਾਰ ਦੇ ਲੋਕਾਂ ਲਈ ਸੰਦੇਸ਼ ਲਿਆਉਣ ਵਾਲੇ ਨੂੰ ਕਿਹਾ ਗਿਆ।

ਆਇਤ 4 ਵਿਚਲਾ ਨਿਯਮ ਮੂਰਤੀਆਂ ਦੀ ਪੂਜਾ ਕਰਨ ਜਾਂ ਬਨਾਉਣ ਦੀ ਮਨਾਹੀ ਕਰਦਾ ਸੀ। ਆਇਤ 26 ਵਿਚ ''ਪੁੱਛਣਾ ਪੁਆਉਣ'' ਅਤੇ ''ਮਹੂਰਤ ਵੇਖਣ'' ਦੀ ਮਨਾਹੀ ਹੈ ਜੋ ਕਿ ਬੁੱਤਪ੍ਰਸਤ ਵਸੀਲਿਆਂ ਦੇ ਰਾਹੀਂ ਭਵਿੱਖ ਦੱਸਣ ਜਾਂ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਨ ਦੇ ਢੰਗ ਹਨ। ਆਇਤਾਂ 27 ਅਤੇ 28 ਵਿਚ ਬੁੱਤਪ੍ਰਸਤ ਰੀਤਾਂ ਨੂੰ ਮੰਨਣ ਦੀ ਮਨਾਹੀ ਹੈ। ਅਖ਼ੀਰ ਵਿਚ ਆਇਤ 31 ਦੱਸਦੀ ਹੈ ਕਿ ਅਗਵਾਈ ਲਈ ਲੋਕਾਂ ਨੇ ਬੁੱਤਪ੍ਰਸਤ ਨਬੀਆਂ ਤੋਂ ਸਲਾਹ ਨਹੀਂ ਲੈਣੀ ਸੀ। ਯਹੋਵਾਹ ਨੇ ਇਹ ਸਾਫ਼ ਕਰ ਦਿੱਤਾ ਕਿ ਇਸਰਾਏਲੀਆਂ ਨੇ ਬੁੱਤਪ੍ਰਸਤ ਧਾਰਮਿਕ ਲੋਕਾਂ ਦੀ ਹਦਾਇਤ ਨਹੀਂ ਮੰਨਣੀ ਸੀ। ਬਿਵਸਥਾ ਸਾਰ 18:9–14 ਇਹੀ ਨਿਯਮ ਦੱਸਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਇਸਰਾਏਲੀਆਂ ਨੇ ਬੁੱਤਪ੍ਰਸਤ ਧਾਰਮਿਕ ਆਗੂਆਂ ਦੀ ਅਗਵਾਈ ਮੰਨਣ ਦੀ ਬਜਾਇ ਪਰਮੇਸ਼ੁਰ ਦੇ ਨਬੀਆਂ ਦੀ ਗੱਲ ਮੰਨਣੀ ਸੀ (ਬਿਵਸਥਾ ਸਾਰ 18:18, 19)।

ਬੁੱਤਪ੍ਰਸਤ ਸਾਧਕ ਸਾਧਕਾਂ ਦੀ ਅਗਵਾਈ ਮੰਨਣ ਤੋਂ ਇਨਕਾਰ ਕਰਨ ਪਰ ਉਸ ਦੀ ਥਾਂ ਪਰਮੇਸ਼ੁਰ ਦੀਆਂ ਹਦਾਇਤਾਂ ਨੂੰ ਸੁਣਨ ਨਾਲ ਇਸਰਾਏਲੀਆਂ ਨੂੰ ਬੇਹਤਰ ਲੋਕ ਅਤੇ ਉਨ੍ਹਾਂ ਦੇ ਦੇਸ਼ ਨੂੰ ਹਰ ਕਿਸੇ ਲਈ ਬੇਹਤਰ ਥਾਂ ਬਣਾ ਦੇਣਾ ਸੀ ਜਿਨ੍ਹਾਂ ਵਿਚ ਉੱਥੇ ਰਹਿਣ ਵਾਲੇ ਗੈਰ–ਇਸਰਾਏਲੀ ਵੀ ਹੋਣੇ ਸਨ। ਦੂਜੇ ਸ਼ਬਦਾਂ ਵਿਚ ਇਸ ਨਿਯਮ ਨੂੰ ਮੰਨਣਾ ''ਆਪਣੇ ਗੁਆਂਢੀ ਨਾਲ ਪਿਆਰ'' ਕਰਨ ਦੇ ਹੁਕਮ ਦਾ ਇਕ ਤਰੀਕਾ ਹੋਣਾ ਸੀ।

**ਆਇਤ 32.** ਅਧਿਆਇ ਦੀਆਂ ਆਖ਼ਰੀ ਆਇਤਾਂ ਵਿਚ ਯਹੋਵਾਹ ਨੇ ਉਨ੍ਹਾਂ ਲੋਕਾਂ ਨਾਲ ਸਬੰਧਿਤ ਹੁਕਮ ਦਿੱਤੇ ਜਿਨ੍ਹਾਂ ਦਾ ਦੂਜੇ ਲੋਕ ਅਸਾਨੀ ਨਾਲ ਫ਼ਾਇਦਾ ਚੁੱਕ ਸਕਦੇ ਸਨ। ਪਹਿਲਾਂ ਤਾਂ ਹਰ ਇਸਰਾਏਲੀ ਨੂੰ ਹੁਕਮ ਦਿੱਤਾ ਕਿ **ਧਉਲੇ ਸਿਰ ਦੇ ਅੱਗੇ ਉੱਠਣਾ, ਬੁੱਢੇ ਦੇ ਮੂੰਹ ਦਾ ਆਦਰ ਕਰਨਾ**। ਜ਼ਾਹਿਰ ਤੌਰ ਤੇ ਇਸ ਨਿਯਮ ਵਿਚ ''ਆਪੋ ਆਪਣੀ ਮਾਂ ਅਤੇ ਆਪੋ ਆਪਣੇ ਪਿਉ ਤੋਂ ਤੋਂ ਡਰਨ'' (19:3) ਦੀ ਗੱਲ ਹੈ। ਪਰ ਇਸ ਵਿਚ ਨਿਯਮ ਦਾ ਇਕ ਹੋਰ ਪਹਿਲੂ ਜੋੜਿਆ ਗਿਆ ਹੈ। ਇਸਰਾਏਲੀ ਲਈ ਨਾ ਸਿਰਫ਼ ਆਪੋ ਆਪਣੀ ਮਾਂ ਅਤੇ ਆਪੋ ਆਪਣੇ ਪਿਉ ਦਾ ਬਲਕਿ ਹਰ ਕਿਸੇ ਦੇ ਵੀ ਮਾਂ ਅਤੇ ਪਿਉ ਦਾ ਆਦਰ ਕੀਤਾ ਜਾਣਾ ਜ਼ਰੂਰੀ ਸੀ। ਹਰ ਬਜ਼ੁਰਗ ਦੀ ਇੱਜ਼ਤ ਕੀਤੀ ਜਾਣੀ ਜ਼ਰੂਰੀ ਸੀ।

ਇਹ ਹੁਕਮ ਕਿਉਂ ਜ਼ਰੂਰੀ ਸੀ? ਬੁੱਢਾ ਹੋਣ ਤੇ ਜਵਾਨੀ ਦੀ ਤਾਕਤ ਘਟ ਜਾਂਦੀ ਹੈ। ਕਮਜ਼ੋਰੀਆਂ ਕਰਕੇ ਬਜ਼ੁਰਗ ਆਮ ਤੌਰ ਤੇ ਅਰੱਖਿਅਤ ਹੋ ਜਾਂਦੇ ਹਨ, ਭਾਵ ਉਹ ਜਵਾਨ ਲੁਟੇਰਿਆਂ ਤੋਂ ਆਪਣਾ ਬਚਾਅ ਨਹੀਂ ਕਰ ਸਕਦੇ। ਇਹ ਹੁਕਮ ਉਨ੍ਹਾਂ ਦੀ ਜਿਹੜੇ ਲਾਚਾਰ ਸਨ ਰਖਵਾਲੀ ਦੇ ਨਾਲ ਨਾਲ ਉਨ੍ਹਾਂ ਦੀ ਕਦਰ ਕਰਨ ਦੀ ਪ੍ਰੇਰਣਾ ਦੇਣ ਲਈ ਸੀ। ''ਬੁੱਢੇ'' ਲੋਕ ਉਨ੍ਹਾਂ ''ਗੁਆਂਢੀਆਂ'' ਵਿੱਚੋਂ ਸਨ ਜਿਨ੍ਹਾਂ ਨਾਲ ਇਸਰਾਏਲੀਆਂ ਲਈ ਪਿਆਰ ਕਰਨਾ ਜ਼ਰੂਰੀ ਸੀ।

**ਆਇਤਾਂ 33, 34.** ਬਦਸਲੂਕੀ ਦਾ ਸ਼ਿਕਾਰ ਹੋ ਸਕਣ ਵਾਲੀ ਦੂਜੀ ਜਮਾਤ **ਓਪਰੇ** ਲੋਕ ਸਨ ਜੋ ਕਿ ਪਰਮੇਸ਼ੁਰ ਦੇ ਲੋਕਾਂ ਵਿਚਕਾਰ ਰਹਿਣ ਵਾਲੇ ਗੈਰ-ਇਸਰਾਏਲੀ ਲੋਕ ਸਨ। ਪਰਿਭਾਸ਼ਾ ਤੋਂ ਹੀ ਓਪਰੇ ਲੋਕ ਬੇਜ਼ਮੀਨੇ ਸਨ। ਲੋੜ ਵੇਲੇ ਉਨ੍ਹਾਂ ਦੀ ਰੱਖਿਆ ਅਤੇ ਦੇਖਭਾਲ ਕਰਨ ਲਈ ਉਨ੍ਹਾਂ ਦਾ ਕੋਈ ਪਰਿਵਾਰ, ਟੱਬਰ ਜਾਂ ਕਬੀਲਾ ਨਹੀਂ ਸੀ। ਕਿਸੇ ਇਸਰਾਏਲੀ ਨੂੰ ਲੱਗ ਸਕਦਾ ਸੀ ਕਿ ''ਇਸ ਓਪਰੇ ਦਾ ਫ਼ਾਇਦਾ ਚੁੱਕਿਆ ਜਾਵੇ? ਉਹ ਤਾਂ ਪਰਮੇਸ਼ੁਰ ਦੇ ਲੋਕਾਂ ਵਿੱਚੋਂ ਨਹੀਂ ਹੈ। ਇਹ ਤਾਂ ਇੱਥੇ ਸਾਡੇ ਰਹਿਮ ਕਰਕੇ ਹੈ ਕਿਉਂਕਿ ਅਸੀਂ ਉਹਨੂੰ ਇੱਥੇ ਰਹਿਣ ਦੇ ਰਹੇ ਹਾਂ। ਸਾਡੇ ਲਈ ਉਹਦੇ ਨਾਲ ਪਿਆਰ ਕਰਨ ਜਾਂ ਉਹਦੀ ਦੇਖਭਾਲ ਕਰਨ ਦਾ ਕੋਈ ਕਾਰਣ ਨਹੀਂ ਹੈ। ਬਾਹਰਲੇ ਲੋਕਾਂ ਨੇ ਆਪਣੇ ਫ਼ਾਇਦੇ ਲਈ ਸਾਡੀ ਕੌਮ ਦੇ ਹਮੇਸ਼ਾ ਸਾਡਾ ਫ਼ਾਇਦਾ ਚੁੱਕਿਆ ਹੈ; ਅਸੀਂ ਵੀ ਉਨ੍ਹਾਂ ਨਾਲ ਉਵੇਂ ਹੀ ਕਿਉਂ ਨਾ ਕਰੀਏ?''

ਆਇਤਾਂ 33 ਅਤੇ 34 ਵਿਚ ਖ਼ੁਦਾ ਨੇ ਇਸ ਦਾ ਜਵਾਬ ਦਿੱਤਾ। ਉਹਨੇ ਇਸਰਾਏਲੀਆਂ ਨੂੰ ਆਖਿਆ ਕਿ ਉਹ ਇਨ੍ਹਾਂ ਪਰਦੇਸੀਆਂ ਨੂੰ **ਦੁੱਖ ਨਾ ਦੇਣ**। ਉਹਨੇ ਅੱਗੇ ਆਖਿਆ ਕਿ ਇਸਰਾਏਲੀ ਲੋਕ ਓਪਰੇ ਅਤੇ ਦੂਜੇ ਇਸਰਾਏਲੀ ਵਿਚ ਫ਼ਰਕ ਨਾ ਕਰਨ। ਉਨ੍ਹਾਂ ਲਈ ਜਿਵੇਂ ਆਪਣੇ ਗੁਆਂਢੀ ਨਾਲ ਆਪਣੇ ਵਾਂਗ ਪਿਆਰ ਕਰਨਾ ਜ਼ਰੂਰੀ ਸੀ ਉਵੇਂ ਹੀ ਉਵੇਂ ਹੀ, ਓਪਰੇ ਨਾਲ ਆਪਣੇ ਵਾਂਗ **ਪਿਆਰ** ਕਰਨਾ ਜ਼ਰੂਰੀ ਸੀ! ਇਹ ਨਿਯਮ ਇਸ ਸੰਦਰਭ ਦੇ ਸ਼ੁਰੂ ਵਿਚ ਦਿੱਤੇ ਹੁਕਮ ਨਾਲੋਂ ਕਿਤੇ ਅੱਗੇ ਨਿੱਕਲ ਗਿਆ। ਇਸਰਾਏਲੀਆਂ ਨੇ ਨਾ ਸਿਰਫ਼ ਪਰਦੇਸੀਆਂ ਨੂੰ ਦੁੱਖ ਨਾ ਦੇਣ ਬਲਕਿ ਆਪਣੇ ਵਿਚਕਾਰ ਰਹਿਣ ਵਾਲੇ ਪਰਦੇਸੀਆਂ ਨੂੰ ਅਸੀਸ ਦੇਣ ਲਈ ਜੋ ਵੀ ਕੁਝ ਕਰ ਸਕਦੇ ਹੋਣ ਉਹ ਕਰਕੇ ਸਕਾਰਾਤਮਕ ਕੰਮ ਵੀ ਕਰਨਾ ਸੀ। ਜੇ ਕੋਈ ਕਿਸੇ ਹੋਰ ਨਾਲ ਉਵੇਂ ਹੀ ਪਿਆਰ ਕਰਦਾ ਹੈ ਜਿਵੇਂ ਉਹ ਆਪਣੇ ਨਾਲ ਕਰਦਾ ਹੈ, ਤਾਂ ਉਹਦੇ ਵਾਸਤੇ ਇਹ ਜ਼ਰੂਰੀ ਹੈ। ਇਹ ਹੁਕਮ ਨਾ ਸਿਰਫ਼ ਇਸਰਾਏਲੀ ਵੱਲੋਂ ਤੰਗ ਕੀਤੇ ਜਾਣ ਤੋਂ ਲਾਚਾਰ ਪਰਦੇਸੀ ਦੀ ਰੱਖਿਆ ਲਈ ਸੀ ਬਲਕਿ ਇਸ ਨਾਲ ਪਰਮੇਸ਼ੁਰ ਦੇ ਲੋਕਾਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਦੀ ਦੇਖਭਾਲ ਕਰਦਿਆਂ ਇਨ੍ਹਾਂ ਗੈਰ-ਇਸਰਾਏਲੀਆਂ ਦੀ ਦੇਖਭਾਲ ਕਰਨ ਦੀ ਵੀ ਪ੍ਰੇਰਣਾ ਮਿਲਦੀ ਸੀ।

ਪਰਮੇਸ਼ੁਰ ਵੱਲੋਂ ਇਸਰਾਏਲੀਆਂ ਨੂੰ ਪਰਦੇਸੀਆਂ ਨਾਲ ਚੰਗਾ ਸਲੂਕ ਕਰਨਾ ਕਹਿਣ ਦਾ ਕਾਰਣ ਇਹ ਸੀ ਕਿ ਕਦੇ ਇਸਰਾਏਲੀ ਵੀ ਪਰਦੇਸੀ ਸਨ ਕਿਉਂ ਜੋ ਉਹ **ਮਿਸਰ ਦੇ ਦੇਸ ਵਿੱਚ ਓਪਰੇ** ਸਨ। ਇਸ ਅਨੁਭਵ ਨਾਲ ਉਨ੍ਹਾਂ ਨੂੰ ਇਨ੍ਹਾਂ ਪਰਦੇਸ਼ੀਆਂ ਨਾਲ ਹਮਦਰਦੀ ਕਰਨਾ ਆ ਗਿਆ ਹੋਵੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਨਾਲ ਉਵੇਂ ਹੀ ਸਲੂਕ ਕਰਨ ਨੂੰ ਮੰਨਣ ਦੀ ਇੱਛਾ ਜਾਗਣੀ ਚਾਹੀਦੀ ਸੀ ਜਿਵੇਂ ਉਹ ਆਪਣੇ ਨਾਲ ਚਾਹੁੰਦੇ ਸਨ। ਇਸਰਾਏਲੀਆਂ ਨੂੰ ਇਹ ਸਿੱਖਣ ਦੀ ਲੋੜ ਸੀ ਕਿ ਦੂਜਿਆਂ ਨਾਲ ਪਿਆਰ ਸਿਰਫ਼ ਆਪਣਿਆਂ ਨਾਲ ਸੀਮਿਤ ਨਹੀਂ ਹੋਣਾ ਚਾਹੀਦਾ; ਬਲਕਿ ਆਪਣੇ ਨਾਲ ਪਿਆਰ ਕਰਨ ਦਾ ਅਰਥ ਪਰਦੇਸੀਆਂ ਨਾਲ ਪਿਆਰ ਕਰਨਾ ਵੀ ਸੀ।

**ਆਇਤਾਂ 35, 36.** ਸ਼ਿਕਾਰ ਹੋਣ ਵਾਲੇ ਲੋਕਾਂ ਦੀ ਤੀਜੀ ਸ਼੍ਰੇਣੀ ਬਜ਼ਾਰ ਵਿਚ ਖਰੀਦ-ਫ਼ਰੋਖ਼ਤ ਕਰਨ ਵਾਲੇ ਕਾਰੋਬਾਰੀ ਲੋਕਾਂ ਦੀ ਸੀ। ਕੋਈ ਕਿਸੇ ਚਲਾਕ ਅਤੇ ਬੇਈਮਾਨ ਵਪਾਰੀ ਵੱਲੋਂ ਜਿਸ ਦੀ ਤੱਕੜੀ ਵਿਚ ਹੇਰ ਫੇਰ ਹੋਵੇ, ਲੁੱਟਿਆ ਜਾ ਸਕਦਾ ਸੀ। ਕਿਸੇ ਤੋਂ ਸਮਾਨ ਖਰੀਦਣ ਵੇਲੇ ਅਜਿਹਾ ਵਪਾਰੀ ਭਾਰੀ ਵਜ਼ਨ ਦੇ ਵੱਟਿਆਂ ਦੀ ਵਰਤੋਂ ਕਰਦਾ ਜਾਂ ਵੱਧ ਨਾਪਦਾ; ਜਿਸ ਨਾਲ ਉਹਨੂੰ ਵੱਧ ਕਮਾਈ

ਹੋ ਜਾਂਦੀ। ਬੇਧਿਆਨੇ ਗਾਹਕ ਨੂੰ ਕੁਝ ਵੇਚਣ ਵੇਲੇ ਉਹ ਹਲਕੇ ਵੱਟੇ ਜਾਂ ਘੱਟ ਨਾਪ ਵਰਤਦਾ ਜਿਸ ਨਾਲ ਗਾਹਕ ਕਿਸੇ ਚੀਜ਼ ਦੀ ਦੁਗਣੀ ਕੀਮਤ ਚੁਕਾ ਦਿੰਦਾ ਪਰ ਘਰ ਉਹ ਸਿਰਫ਼ ਅੱਧੀ ਹੀ ਲਿਜਾਂਦਾ। ਇਸ ਬੇਈਮਾਨ ਵਪਾਰੀ ਨਾਲ ਕਾਰੋਬਾਰ ਕਰਨ ਵਾਲਾ ਵਿਅਕਤੀ ਉਸ ਵਪਾਰੀ ਦੀ ਤੱਕੜੀ ਅਤੇ ਨਾਪ ਉੱਤੇ ਹੀ ਨਿਰਭਰ ਹੁੰਦਾ ਜਿਸ ਕਰਕੇ ਉਹਦੇ ਲਈ ਧੋਖਾ ਖਾਣ ਤੋਂ ਬਚਣ ਦਾ ਕੋਈ ਤਰੀਕਾ ਨਹੀਂ ਸੀ।

ਇਸ ਨਿਯਮ ਨਾਲ ਨਜਾਇਜ਼ ਠਹਿਰ ਗਿਆ ਕਾਰੋਬਾਰ ਵਿਚ ਗਲਤ ਮਲਤ ਤਰੀਕਿਆਂ ਨੂੰ ਵਰਤਣਾ ਭਾਵੇਂ ਉਹ **ਤੋਲਣ ਵਿਚ** ਹੋਵੇ ਜਾਂ **ਮਿਨਣ ਵਿਚ**। ਉਹਨੂੰ **ਸੱਚੀ ਤੱਕੜੀ** ਵਰਤਣ ਦੀ ਅਤੇ ਈਮਾਨਦਾਰੀ ਨਾਲ ਨਾਪਣ ਭਾਵ **ਸੱਚਾ ਟੋਪਾ** (ਲਗਭਗ ਇਕ ਬੁਸ਼ੇਲ) ਅਤੇ **ਸੱਚਾ ਕੁੱਪਾ** (ਲਗਭਗ ਇਕ ਗੈਲਨ। 1 ਗੈਲਨ=4.54 ਲੀਟਰ) ਵਰਤਣ ਦਾ ਹੁਕਮ ਸੀ।

ਇਸਰਾਏਲ ਦੇ ਕਾਰੋਬਾਰੀਆਂ ਲਈ ਈਮਾਨਦਾਰ ਹੋਣ ਦਾ ਕਾਰਣ ਇਹ ਦੱਸਿਆ ਗਿਆ ਕਿ **ਯਹੋਵਾਹ** ਉਨ੍ਹਾਂ ਦਾ **ਪਰਮੇਸ਼ੁਰ** ਸੀ ਜਿਹੜਾ ਉਨ੍ਹਾਂ ਨੂੰ **ਮਿਸਰ** ਵਿੱਚੋਂ ਕੱਢ ਕੇ ਲਿਆਇਆ ਸੀ। ਪਰਮੇਸ਼ੁਰ ਨੇ ਉਨ੍ਹਾਂ ਨਾਲ ਰਹਿਮ ਵਿਖਾਇਆ ਸੀ ਜਿਸ ਕਰਕੇ ਉਨ੍ਹਾਂ ਲਈ ਉਸ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਸੀ। ਅਤੇ ਉਸ ਦੇ ਹੁਕਮਾਂ ਅਨੁਸਾਰ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਆਪਣੇ ਕਾਰੋਬਾਰ ਵਿਚ ਪੂਰੀ ਤਰ੍ਹਾਂ ਨਾਲ ਈਮਾਨਦਾਰ ਅਤੇ ਨਿਰਪੱਖ ਹੋਣ। ਅਜਿਹਾ ਕਰਨ ਨਾਲ ਉਨ੍ਹਾਂ ਨੇ ਆਪਣੇ ਨਾਲ ਦੇ ਲੋਕਾਂ ਨਾਲ ਪਿਆਰ ਵਿਖਾ ਰਹੇ ਹੋਣਾ ਸੀ।

**ਆਇਤ 37.** ਨਿਯਮਾਂ ਦਾ ਇਹ ਸਮੂਹ ਇਹ ਜ਼ੋਰ ਦਿੰਦੇ ਹੋਏ ਕਿ ਇਸ ਅਧਿਆਇ (ਅਤੇ ਕਿਤੇ ਹੋਰ ) ਵਿਚਲੇ ਹੋਰ ਇਕ ਹੁਕਮ ਨੂੰ ਮੰਨਿਆ ਜਾਣਾ ਜ਼ਰੂਰੀ ਹੈ, ਇਕ ਸੰਖੇਪ ਵਾਕ ਨਾਲ ਖ਼ਤਮ ਹੁੰਦਾ ਹੈ। ਪਰਮੇਸ਼ੁਰ ਨੇ ਆਪ ਆਖਿਆ ਕਿ ਇਸਰਾਏਲੀ ਉਸ ਦੀਆਂ **ਸਭਨਾਂ ਬਿਧਾਂ ਅਤੇ ਸਭਨਾਂ ਨਿਆਵਾਂ ਨੂੰ** ਮੰਨਣ। ਦੋ ਗੱਲਾਂ ਉੱਤੇ ਜ਼ੋਰ ਦਿੱਤਾ ਗਿਆ ਹੈ: ਪਰਮੇਸ਼ੁਰ ਦੇ *ਸਭਨਾਂ* (ਸਿਰਫ਼ ਉਨ੍ਹਾਂ ਵਿੱਚੋਂ ਕੁਝ ਹੀ ਨਹੀਂ) ਨਿਯਮਾਂ ਨੂੰ ਮੰਨਿਆ ਜਾਵੇ ਨਾ ਸਿਰਫ਼ ਉਨ੍ਹਾਂ ਉੱਤੇ ਵਿਸ਼ਵਾਸ ਕੀਤਾ ਜਾਵੇ। ਜੇ ਇਸਰਾਏਲੀ ਪਰਮੇਸ਼ੁਰ ਵੱਲੋਂ ਦਿੱਤੇ ਗਏ ਸਭਨਾਂ ਹੁਕਮਾਂ ਨੂੰ ਮੰਨ ਕੇ ਆਪਣੇ ਆਪ ਨੂੰ ਸਮਰਪਿਤ ਕਰਦੇ ਤਾਂ ਉਹਨੇ ਖ਼ੁਸ਼ ਹੋਣਾ ਸੀ। ਉਨ੍ਹਾਂ ਨੇ ਸਿਰਫ਼ ਤਦੇ ਸਜ਼ਾ ਤੋਂ ਬਚਣਾ ਸੀ। ਇਸ ਨਿਚੋੜ ਦੀ ਗਾਰੰਟੀ ਇਕ ਵੱਡੀ ਗੱਲ ਨਾਲ ਦਿੱਤੀ ਗਈ ਹੈ ਕਿ ਪਰਮੇਸ਼ੁਰ ਜਿਸ ਨੇ ਇਹ ਨਿਯਮ ਦਿੱਤੇ ਹਨ, ਉਸਨੇ ਆਖਿਆ, **ਮੈਂ ਯਹੋਵਾਹ ਹਾਂ**! ਕਿਉਂ ਜੋ ਉਹ ਯਹੋਵਾਹ ਸੀ ਇਸ ਕਰਕੇ ਉਸ ਦਾ ਵਿਰੋਧ ਕਰਨਾ ਜਾਂ ਉਹਨੂੰ ਨਜ਼ਰਅੰਦਾਜ਼ ਕਰਨਾ ਬੇਵਕੂਫ਼ੀ ਸੀ।

## ਅਧਿਆਇ 19 ਵਿਚਲੇ ਨਿਯਮਾਂ ਦੀਆਂ ਖ਼ੂਬੀਆਂ

ਅਧਿਆਇ 19 ਵਿਚ ਮਿਲਣ ਵਾਲੇ ਨਿਯਮਾਂ ਦੀਆਂ ਕਈ ਵਿਸ਼ੇਸ਼ਤਾਵਾਂ ਧਿਆਨ ਦੇਣ ਯੋਗ ਹਨ:

1. ਉਨ੍ਹਾਂ ਵਿਚ ਕਮਜ਼ੋਰ ਅਤੇ ਨਾਗਰਿਕਤਾ ਤੋਂ ਵੰਚਿਤ, ਕੰਗਾਲਾਂ, ਪਰਦੇਸੀਆਂ, ਅਪਾਹਿਜਾਂ ਅਤੇ ਬਜ਼ੁਰਗਾਂ ਲਈ ਵੱਡੀ ਚਿੰਤਾ ਪ੍ਰਗਟਾਈ ਗਈ ਹੈ (ਵੇਖੋ 25:35–55)।
2. ਇਨ੍ਹਾਂ ਨਾਲ ਜ਼ਿੰਦਗੀ ਦਾ ਤਕਰੀਬਨ ਹਰ ਪਹਿਲੂ ਪ੍ਰਭਾਵਿਤ ਹੁੰਦਾ ਸੀ, ਖੇਤੀਬਾੜੀ, ਖ਼ਰੀਬ ਫ਼ਰੋਖ਼ਤ, ਕਾਰੋਬਾਰੀ ਰਿਸ਼ਤੇ, ਪਰਿਵਾਰਿਕ ਸਬੰਧ, ਨਿਆਂ ਪ੍ਰਣਾਲੀ, ਨੈਤਿਕਤਾਵਾਂ ਅਤੇ ਬੰਦਗੀ।
3. ਕੰਮਾਂ ਦੇ ਨਾਲ–ਨਾਲ ਇਹ ਵਿਚਾਰਾਂ ਉੱਤੇ ਵੀ ਰਾਜ ਕਰਦੇ ਸਨ।
4. ਇਨ੍ਹਾਂ ਤੋਂ ਪਤਾ ਲਗਦਾ ਸੀ ਕਿ ਇਹੋ ਜਿਹੇ ਹਾਲਾਤ ਵਿਚ ਇਸਰਾਏਲੀਆਂ ਲਈ ਕੀ ਕਰਨਾ ਜ਼ਰੂਰੀ ਸੀ।[19]
5. ਇਨ੍ਹਾਂ ਵਿਚ ਆਪਣੇ ਗੁਆਂਢੀ ਨਾਲ ਪਿਆਰ ਕਰਨ ਦੀ ਲੋੜ ਦੇ ਨਾਲ ਨਾਲ ਖ਼ਾਸ ਤੌਰ

ਤੇ ਯਹੋਵਾਹ ਦੀ ਬੰਦਗੀ ਅਤੇ ਸੇਵਾ ਕਰਨ ਤੇ ਜ਼ੋਰ ਦਿੱਤਾ ਗਿਆ।

6. ਇਨ੍ਹਾਂ ਵਿਚ ਪਰਮੇਸ਼ੁਰ ਦੇ ਨਿਯਮਾਂ ਨੂੰ ਮੰਨਣ ਦੇ ਕਈ ਕਾਰਣ ਦਿੱਤੇ ਗਏ, ਜਿਸ ਵਿਚ ਪਰਮੇਸ਼ੁਰ ਵੱਲੋਂ ਇਸਰਾਏਲੀਆਂ ਲਈ ਬੀਤੇ ਸਮੇਂ ਵਿਚ ਜੋ ਕੁਝ ਕੀਤਾ ਗਿਆ (ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢਣਾ) ਅਤੇ ਇਹ ਤੱਥ ਸ਼ਾਮਿਲ ਸੀ ਕਿ ਹੁਕਮ ਮੰਨਣਾ ਖੁਸ਼ਹਾਲੀ ਦਾ ਕਾਰਣ ਬਣਨਾ ਸੀ। ਬਾਰ-ਬਾਰ ਦੱਸਿਆ ਗਿਆ ਮੁੱਖ ਕਾਰਣ ਇਹ ਹੈ ਕਿ ਯਹੋਵਾਹ ਹੀ ਪਰਮੇਸ਼ੁਰ ਹੈ। ਉਹਨੂੰ ਇਕ-ਤਰਫ਼ਾ ਐਲਾਨ ਕਰਨ ਦਾ ਹੱਕ ਸੀ ਕਿ ਇਸਰਾਏਲੀ ਲੋਕ ਕੀ ਕਰਨ ਅਤੇ ਉਹਨੇ ਹੀ ਉਨ੍ਹਾਂ ਨਿਯਮਾਂ ਨੂੰ ਜਿਹੜੇ ਉਹਨੇ ਦਿੱਤੇ ਸਨ ਲਾਗੂ ਕਰਨਾ ਹੀ ਸੀ!

## ਦੂਜਿਆਂ ਨਾਲ ਪਿਆਰ ਕਰਨਾ (ਅਧਿਆਇ 19)

ਸਭ ਤੋਂ ਵੱਡਾ ਹੁਕਮ ਹੈ ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ'' (ਮੱਤੀ 22:37)। ਦੂਜਾ ਸਭ ਤੋਂ ਵੱਡਾ ਹੁਕਮ ਹੈ, ''ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ'' (ਮੱਤੀ 22:39)। ਇਹ ਹੁਕਮ ਮੱਤੀ, ਮਰਕੁਸ ਅਤੇ ਲੂਕਾ ਵਿਚ ਮਿਲਦਾ ਹੈ[20] ਪਰ ਪਹਿਲਾਂ ਇਹ ਪੁਰਾਣੇ ਨੇਮ ਵਿਚ ਲੇਵੀਅ ਦੀ ਪੋਥੀ ਵਿਚ ਦਿੱਤਾ ਗਿਆ ਸੀ।

ਕੁਰਬਾਨੀਆਂ ਦੀਆਂ ਰੀਤਾਂ, ਧਾਰਮਿਕ ਪਰਬਾਂ ਅਤੇ ਧਾਰਮਿਕ ਸ਼ੁੱਧਤਾ ਵਾਲੀ ਕਿਤਾਬ ਵਿਚ ਇਸ ਸ਼ਾਨਦਾਰ ਸਚਿਆਈ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਸਰਾਏਲੀਆਂ ਲਈ ਆਪਣੇ ਗੁਆਂਢੀਆਂ ਨਾਲ ਆਪਣੇ ਜਿਹਾ ਪਿਆਰ ਕਰਨਾ ਜ਼ਰੂਰੀ ਸੀ। ਫਿਰ ਵੀ ਇਸ ਸੰਦਰਭ ਵਿਚ ਪਰਮੇਸ਼ੁਰ ਦਾ ਹੁਕਮ ਸੀ, ''ਤੂੰ ਬਦਲਾ ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਿਵਾਰ ਨਾਲ ਵੈਰ ਰੱਖੀਂ, ਪਰ ਤੂੰ ਆਪਣੇ ਗੁਆਢੀਂ ਨਾਲ ਆਪਣੇ ਜੇਹਾ ਪਿਆਰ ਕਰੀਂ। ਮੈਂ ਯਹੋਵਾਹ ਹਾਂ'' (19:18)।

ਪਰਮੇਸ਼ੁਰ ਦੀ ਪਵਿੱਤਰ ਕੌਮ ਹੋਣ ਕਰਕੇ ਇਸਰਾਏਲੀਆਂ ਲਈ ਪਿਆਰ ਕਰਨ ਵਾਲੇ ਹੋਣਾ ਜ਼ਰੂਰੀ ਸੀ। ਉਨ੍ਹਾਂ ਨੇ ਪਵਿੱਤਰ ਲੋਕ ਹੋਣਾ ਸੀ ਜਿਨ੍ਹਾਂ ਨੂੰ ਲਹੂ ਅਤੇ ਅੱਗ ਨਾਲ ਅਸ਼ੁੱਧਤਾ ਤੋਂ ਸ਼ੁੱਧ ਕੀਤਾ ਗਿਆ ਸੀ, ਜਿਹੜੇ ਲਗਾਤਾਰ ਬੰਦਗੀ ਕਰਦੇ ਅਤੇ ਕੁਰਬਾਨੀਆਂ ਚੜ੍ਹਾਉਂਦੇ ਸਨ। ਉਨ੍ਹਾਂ ਨੇ ਉਹ ਲੋਕ ਵੀ ਹੋਣਾ ਸੀ ਜਿਨ੍ਹਾਂ ਦੀ ਪਛਾਣ ਪਿਆਰ ਨਾਲ ਹੁੰਦੀ ਸੀ। ਇਸ ਪਾਠ ਵਿਚ ਸਾਨੂੰ ਪਤਾ ਲਗਦਾ ਹੈ ਕਿ ਦੂਜਿਆਂ ਨਾਲ ਪਿਆਰ ਵਿਖਾਉਣ ਲਈ ਪਰਮੇਸ਼ੁਰ ਇਸਰਾਏਲੀਆਂ ਤੋਂ ਕੀ ਕਰਵਾਉਣਾ ਚਾਹੁੰਦਾ ਸੀ।

## ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਣਾ

ਅਧਿਆਇ 19 ਦਾ ਅਰੰਭ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ, ''ਤੁਸੀਂ ਪਵਿੱਤਰ ਹੋਵੋ ਕਿਉਂ ਜੋ ਮੈਂ ਯਹੋਵਾਹ ਹਾਂ ਤੁਹਾਡਾ ਪਰਮੇਸ਼ੁਰ ਪਵਿੱਤਰ ਹਾਂ'' (19:2)। ਤਕਰੀਬਨ ਅੱਧ ਵਿਚ ਜਾ ਕੇ ਅਧਿਆਇ ਦੱਸਦਾ ਹੈ, ''ਤੂੰ ਆਪਣੇ ਗੁਆਢੀਂ ਨਾਲ ਆਪਣੇ ਜੇਹਾ ਪਿਆਰ ਕਰੀਂ। ਮੈਂ ਯਹੋਵਾਹ ਹਾਂ'' (19:18)। ਇਸ ਦਾ ਅੰਤ ਇਹ ਕਹਿਣ ਨਾਲ ਹੁੰਦਾ ਹੈ, ''ਸੋ ਤੁਸਾਂ ਮੇਰੀਆਂ ਸਭਨਾਂ ਬਿਧਾਂ ਅਤੇ ਸਭਨਾਂ ਨਿਆਵਾਂ ਨੂੰ ਮੰਨਣਾ, ਅਤੇ ਪੂਰਾ ਕਰਨਾ। ਮੈਂ ਯਹੋਵਾਹ ਹਾਂ'' (19:37)। ਪਵਿੱਤਰ ਬਣਨ ਲਈ ਆਪਣੇ ਗੁਆਂਢੀ ਨੂੰ ਪਿਆਰ ਕਰਨਾ ਜ਼ਰੂਰੀ ਸੀ ਅਤੇ ਆਪਣੇ ਗੁਆਂਢੀ ਨੂੰ ਪਿਆਰ ਕਰਨ ਲਈ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਸੀ।

ਕਿਹੜੇ ਹੁਕਮ? ਅਧਿਆਇ ਵਿਚ ਦਸ ਹੁਕਮਾਂ ਵਿੱਚੋਂ ਜ਼ਿਆਦਾਤਰ ਨੂੰ ਦੁਹਰਾਇਆ ਗਿਆ ਹੈ ਅਤੇ ਜਿਨ੍ਹਾਂ ਦੀ ਖ਼ਾਸ ਤੌਰ ਤੇ ਗੱਲ ਨਹੀਂ ਕੀਤੀ ਗਈ ਉਨ੍ਹਾਂ ਦਾ ਸੰਕੇਤ ਦਿੱਤਾ ਗਿਆ ਹੋ ਸਕਦਾ।

ਦਸਾਂ ਹੁਕਮਾਂ ਵਿੱਚੋਂ ਪਹਿਲਾ ਹੁਕਮ ਜਿਹੜਾ ਇਸਰਾਏਲੀਆਂ ਲਈ ਮੰਨਣਾ ਜ਼ਰੂਰੀ ਸੀ ਉਹ

ਇਹ ਸੀ ਕਿ ਯਹੋਵਾਹ ਨੂੰ ਛੱਡ ਕੇ ਕਿਸੇ ਹੋਰ ਨੂੰ ਪਰਮੇਸ਼ੁਰ ਨਹੀਂ ਮੰਨਣਾ ਅਤੇ ਦੂਜਾ ਹੁਕਮ ਉਨ੍ਹਾਂ ਨੂੰ ਮੂਰਤੀਆਂ ਨੂੰ ਬਨਾਉਣ ਜਾਂ ਉਨ੍ਹਾਂ ਦੀ ਪੂਜਾ ਕਰਨ ਦੀ ਮਨਾਹੀ ਕਰਦਾ ਸੀ (ਕੂਚ 20:3, 4)। ਲੇਵੀਆਂ ਦੀ ਪੋਥੀ 19:4 ਦੱਸਦਾ ਹੈ, ''ਤੁਸਾਂ ਠਾਕੁਰਾਂ ਵੱਲ ਧਿਆਨ ਨਾ ਕਰਨਾ, ਨਾ ਆਪਣੇ ਲਈ ਢਾਲਵੀਆਂ ਮੂਰਤਾਂ ਬਣਾਉਣੀਆਂ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।''[21] ਤੀਜਾ ਹੁਕਮ ਯਹੋਵਾਹ ਦਾ ਨਾਂਅ ਵਿਅਰਥ ਲੈਣ ਤੋਂ ਰੋਕਦਾ ਸੀ (ਕੂਚ 20:7); ਅਤੇ ਲੇਵੀਆਂ ਦੀ ਪੋਥੀ 19:12 ਦੱਸਦਾ ਹੈ, ''ਤੁਸਾਂ ਮੇਰਾ ਨਾਮ ਲੈ ਕੇ ਝੂਠੀ ਸਹੁੰ ਨਾ ਚੁੱਕਣੀ, ਨਾ ਆਪਣੇ ਪਰਮੇਸ਼ੁਰ ਦਾ ਨਾਮ ਬਦਨਾਮ ਕਰਨਾ। ਮੈਂ ਯਹੋਵਾਹ ਹਾਂ।'' ਚੌਥਾ ਹੁਕਮ ਪਰਮੇਸ਼ੁਰ ਦੇ ਲੋਕਾਂ ਲਈ ਸੱਬਤ ਨੂੰ ਮਨਾਉਣਾ ਜ਼ਰੂਰੀ ਦੱਸਦਾ ਹੈ (ਕੂਚ 20:9–11), ਅਤੇ ਲੇਵੀਆਂ ਦੀ ਪੋਥੀ 19 ਵਿਚ ਪਰਮੇਸ਼ੁਰ ਦੇ ਸੱਬਤਾਂ ਨੂੰ ਮਨਾਉਣ ਲਈ ਦੋ ਵਾਰ ਇਸਰਾਏਲੀਆਂ ਨੂੰ ਯਾਦ ਕਰਵਾਇਆ ਗਿਆ (19:3, 30)।

ਪੰਜਵਾਂ ਹੁਕਮ ਹੈ ''ਤੂੰ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ'' (ਕੂਚ 20:12)। ਲੇਵੀਆਂ ਦੀ ਪੋਥੀ 19:3 ਦੱਸਦਾ ਹੈ, ''ਤੁਸਾਂ ਆਪੋ ਆਪਣੀ ਮਾਂ ਅਤੇ ਆਪੋ ਆਪਣੇ ਪਿਉ ਤੋਂ ਡਰਨਾ।'' ਛੇਵਾਂ ਹੁਕਮ ਹੈ, ''ਤੂੰ ਖੂਨ ਨਾ ਕਰ'' (ਕੂਚ 20:13)। ਲੇਵੀਆਂ ਦੀ ਪੋਥੀ 19 ਖੂਨ ਕਰਨ ਦੀ ਮਨਾਹੀ ਸਾਫ਼–ਸਾਫ਼ ਤਾਂ ਨਹੀਂ ਕਰਦਾ ਪਰ ਇਹ ਜ਼ਰੂਰ ਦੱਸਦਾ ਹੈ, ''ਤੂੰ ਆਪਣੇ ਗੁਆਂਢੀ ਦੇ ਖੂਨ ਵਿਚ ਲੱਕ ਨਾ ਬੰਨ੍ਹੀ'' (19:16) ਅਤੇ ਇਹ ਖੂਨ ਕਰਨ ਦੇ ਖ਼ਿਲਾਫ਼ ਨਿਯਮ ਵਰਗਾ ਹੀ ਲਗਦਾ ਹੈ।

ਸਤਵਾਂ ਹੁਕਮ ਵਿਭਚਾਰ ਕਰਨ ਤੋਂ ਵਰਜਦਾ ਹੈ (ਕੂਚ 20:14)। ਫੇਰ, ਲੇਵੀਆਂ ਦੀ ਪੋਥੀ 19 ਵਿਚ ਵਿਭਚਾਰ ਕਰਨ ਦੇ ਖ਼ਿਲਾਫ਼ ਕੋਈ ਸਾਫ਼ ਨਿਯਮ ਨਹੀਂ ਹੈ, ਪਰ ਅਧਿਆਇ ਤੋਂ ਪਤਾ ਲਗਦਾ ਹੈ ਕਿ ਪਰਮੇਸ਼ੁਰ ਨੂੰ ਇਸਰਾਏਲੀਆਂ ਦੇ ਜਿਣਸੀ ਵਿਹਾਰ ਦੀ ਚਿੰਤਾ ਸੀ, ਕਿਉਂ ਜੋ ਇਸ ਵਿਚ ਆਪਣੀ ਧੀ ਨੂੰ ਕੰਜਰੀ ਬਨਾਉਣ ਤੋਂ ਪਿਤਾ ਨੂੰ ਵਰਜਣ ਦਾ ਹੁਕਮ ਹੈ (19:29) ਅਤੇ ਕਿਸੇ ਗੁਲਾਮ ਔਰਤ ਨਾਲ ਸੰਗ ਕਰਨ ਵਾਲੇ ਆਦਮੀ ਲਈ ਠਹਿਰਾਈ ਸਜਾ ਦੱਸੀ ਗਈ ਹੈ (19:20–22)।

ਅਠਵਾਂ ਹੁਕਮ ਹੈ, ''ਤੂੰ ਚੋਰੀ ਨਾ ਕਰ'' (ਕੂਚ 20:15), ਅਤੇ ਨੌਵਾਂ ਹੁਕਮ ਹੈ, ''ਤੂੰ ਆਪਣੇ ਗੁਆਂਢੀ ਤੇ ਝੂਠੀ ਗਵਾਹੀ ਨਾ ਦੇ'' (ਕੂਚ 20:16)। ਲੇਵੀਆਂ ਦੀ ਪੋਥੀ 19:11 ਦੋਹਾਂ ਹੁਕਮਾਂ ਨੂੰ ਸਮੇਟ ਲੈਂਦਾ ਹੈ ਜਦੋਂ ਇਹ ਆਖਦਾ ਹੈ, ''ਤੁਸਾਂ ਚੋਰੀ ਨਾ ਕਰਨੀ, ਨਾ ਛਲ ਖੇਡਣਾ, ਨਾ ਆਪਸ ਵਿੱਚ ਝੂਠ ਬੋਲਣਾ।'' ਦਸਵਾਂ ਹੁਕਮ ਹੈ, ''ਤੂੰ ਆਪਣੇ ਗੁਆਂਢੀ ਦੇ ਘਰ ਦੀ ਲਾਲਸਾ ਨਾ ਕਰ'' (ਕੂਚ 20:17)। ਲੇਵੀਆਂ ਦੀ ਪੋਥੀ 19 ਦੀ ਕੋਈ ਆਇਤ ਲਾਲਚ ਕਰਨ ਤੋਂ ਮਨ੍ਹਾਂ ਨਹੀਂ ਕਰਦੀ ਭਾਵੇਂ ਅਧਿਆਇ ਵਿਚ ਹਰ ਕਿਸੇ ਨਾਲ ਨਿਰਪੱਖਤਾ ਅਤੇ ਉਦਾਰਤਾ ਜ਼ਰੂਰੀ ਹੈ (ਵੇਖੋ 19:9, 10, 35, 36)।

ਆਪਣੇ ਵਾਂਗ ਆਪਣੇ ਗੁਆਂਢੀ ਨਾਲ ਪਿਆਰ ਕਰਨ ਲਈ, ਖ਼ਾਸ ਕਰਕੇ ਦਸ ਹੁਕਮਾਂ ਵਿਚ ਦਿੱਤੇ ਗਏ ਹੁਕਮ ਨਾਲ ਸ਼ੁਰੂਆਤ ਹੁੰਦੀ ਹੈ। ਸੱਬਤ ਦੇ ਹੁਕਮ ਨੂੰ ਛੱਡ ਕੇ ਇਹ ਸਾਰੇ ਹੁਕਮ ਨਵੇਂ ਨੇਮ ਵਿਚ ਵੀ ਮਿਲਦੇ ਹਨ। ਦਸ ਹੁਕਮਾਂ ਵਿੱਚੋਂ ਆਖਰੀ ਛੇ ਹੁਕਮਾਂ ਵਿਚ ਪਿਆਰ ਦਾ ਨਿਯਮ ਸਾਫ਼ ਮਿਲਦਾ ਹੈ ਜਿਹੜਾ ਸਾਡੇ ਹੋਰਨਾਂ ਮਨੁੱਖੀ ਜੀਵਾਂ ਨਾਲ ਸਬੰਧਿਤ ਹੈ। ਜੇ ਅਸੀਂ ਦੂਜਿਆਂ ਨਾਲ ਉਵੇਂ ਹੀ ਪਿਆਰ ਕਰਦੇ ਹਾਂ ਜਿਵੇਂ ਆਪਣੇ ਆਪ ਨਾਲ ਤਾਂ ਅਸੀਂ ਉਨ੍ਹਾਂ ਦਾ ਖੂਨ ਨਹੀਂ ਕਰਾਂਗੇ, ਉਨ੍ਹਾਂ ਦੇ ਪਤੀਆਂ ਜਾਂ ਪਤਨੀਆਂ ਨਾਲ ਵਿਭਚਾਰ ਨਹੀਂ ਕਰਾਂਗੇ, ਉਨ੍ਹਾਂ ਦੀ ਚੋਰੀ ਨਹੀਂ ਕਰਾਂਗੇ, ਉਨ੍ਹਾਂ ਨਾਲ ਝੂਠ ਨਹੀਂ ਬੋਲਾਂਗੇ। ਨਾ ਕਿਸੇ ਚੀਜ਼ ਦਾ ਜਿਹੜੀ ਉਨ੍ਹਾਂ ਦੀ ਹੈ, ਲਾਲਚ ਹੀ ਕਰਾਂਗੇ।

ਘੱਟ ਸਪੱਸ਼ਟ ਵਿਚਾਰ ਕਿ ਮੂਰਤੀਆਂ ਬਨਾਉਣਾ ਜਾਂ ਉਨ੍ਹਾਂ ਦੀ ਪੂਜਾ ਕਰਨ ਤੋਂ ਇਨਕਾਰ ਕਰਕੇ ਸਿਰਫ਼ ਯਹੋਵਾਹ ਦੀ ਹੀ ਬੰਦਗੀ ਕਰਨਾ, ਅਤੇ ਪਰਮੇਸ਼ੁਰ ਦਾ ਵਿਅਰਥ ਨਾ ਲੈਣਾ ਆਪਣੇ ਗੁਆਂਢੀਆਂ ਨਾਲ ਪਿਆਰ ਵਿਖਾਉਣ ਦਾ ਜ਼ਰੀਆ ਹਨ। ਪਹਿਲਾ ਅਤੇ ਦੂਜਾ ਸਭ ਤੋਂ ਵੱਡਾ ਹੁਕਮ ਆਪੋ ਵਿਚ ਬੜੀ ਨਜ਼ਦੀਕੀ ਨਾਲ ਜੁੜੇ ਹੋਏ ਹਨ ਕਿਉਂਕਿ ਪ੍ਰਭੂ ਨੂੰ ਮੰਨਣ ਵਾਲੇ ਲੋਕ ਦੂਜਿਆਂ ਨਾਲ ਸਹੀ ਵਿਹਾਰ

ਕਰਦੇ ਹੀ ਹਨ (ਵੇਖੋ 1 ਯੂਹੰਨਾ 4:21)।

## ਵਿਲੱਖਣ ਪਛਾਣ ਨੂੰ ਬਣਾਈ ਰੱਖਣਾ

ਇਸਰਾਏਲੀਆਂ ਲਈ ਆਪਣੀ ਵਿਲੱਖਣ ਪਛਾਣ ਨੂੰ ਬਣਾਈ ਰੱਖਣ ਲਈ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਦੇ ਹੋਏ ਦੂਜਿਆਂ ਲਈ ਆਪਣਾ ਪਿਆਰ ਵਿਖਾਉਣਾ ਜ਼ਰੂਰੀ ਸੀ।[22] ''ਪਵਿੱਤਰਤਾਈ'' ਲਈ ਉਨ੍ਹਾਂ ਵਾਸਤੇ ਅੱਡ ਲੋਕ ਹੋਣਾ ਜ਼ਰੂਰੀ ਸੀ। ਉਨ੍ਹਾਂ ਦੀ ਵਿਲੱਖਣਤਾ ਉਨ੍ਹਾਂ ਨੂੰ ਦੂਜੀਆਂ ਕੌਮਾਂ ਲਈ ਚਾਨਣ ਬਣਾਉਂਦੀ ਸੀ (ਵੇਖੋ ਯਸਾਯਾਹ 42:6; 49:6) ਜਿਸ ਨਾਲ ਉਹ ਉਨ੍ਹਾਂ ਨੂੰ ਬਰਕਤ ਦੇਣ ਦਾ ਕਾਰਣ ਬਣਨ (ਵੇਖੋ ਉਤਪਤ 12:2)।

ਬੇਸ਼ੱਕ ਯਹੋਵਾਹ ਦੀ ਬੰਦਗੀ ਕਰਨਾ ਅਤੇ ਦੂਜਿਆਂ ਨੂੰ ਦੁੱਖ ਪਹੁੰਚਾਉਣ ਤੋਂ ਗੁਰੇਜ਼ ਕਰਨਾ ਇਸਰਾਏਲੀਆਂ ਨੂੰ ਉਨ੍ਹਾਂ ਤੋਂ ਅੱਡ ਕਰਦਾ ਹੋਵੇਗਾ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਮਿਲਾਵਟ, ਖ਼ੂਨ ਨੂੰ ਖਾਣ, ਅਤੇ ਆਦਮੀ ਦੇ ਸਿਰ ਅਤੇ ਦਾੜ੍ਹੀ ਅਤੇ ਗੋਦਨੇ ਅਤੇ ਵਾਅਦੇ ਦੀ ਧਰਤੀ ਵਿਚ ਫ਼ਸਲ ਕੱਟਣ ਦੀਆਂ ਕਈ ਅਨੋਖੀਆਂ ਗੱਲਾਂ ਮਿਲਦੀਆਂ ਹਨ। ਇਨ੍ਹਾਂ ਨਿਯਮਾਂ ਦੇ ਭਾਵੇਂ ਹੋਰ ਮਕਸਦ ਸਨ ਪਰ ਉਨ੍ਹਾਂ ਨੂੰ ਇਹ ਸਪੱਸ਼ਟ ਕਰਨ ਦੇ ਤਰੀਕੇ ਵਜੋਂ ਵੀ ਵੇਖਿਆ ਜਾ ਸਕਦਾ ਹੈ।

ਪਹਿਲਾ, ਇਸਰਾਏਲੀਆਂ ਨੂੰ ਕਈ ਚੀਜ਼ਾਂ ਵਿਚ ਮਿਲਾਵਟ ਕਰਨ ਦੀ ਮਨਾਹੀ ਸੀ (19:19)। ਹੋ ਸਕਦਾ ਹੈ ਕਿ ਖ਼ੁਦਾ ਇਸਰਾਏਲੀਆਂ ਦੇ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਦੇ ਸੰਪਰਕ ਵਿਚ ਇਸ ਕੌਮ ਨੇ ਆਉਣਾ ਸੀ, ਨਾ ਰਲਣ ਜਾਂ ਰਲਾਉਣ ਦੀ ਅਹਿਮੀਅਤ ਨੂੰ ਸਮਝਾ ਰਿਹਾ ਸੀ।

ਦੂਜਾ, ਇਸਰਾਏਲੀ ਲੋਕ ਕਨਾਨ ਵਿਚ ਵੜਨ ਵੇਲੇ ਉਨ੍ਹਾਂ ਵੱਲੋਂ ਲਾਏ ਗਏ ਬੂਟਿਆਂ ਦੇ ਫਲ ਤੋੜਨ ਸਬੰਧੀ ਉਨ੍ਹਾਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਨਾਲ ਫ਼ਰਕ ਸਨ (19:23–25)। ਉਨ੍ਹਾਂ ਰੁੱਖਾਂ ਦੇ ਫਲ ਦੇਣ ਦੇ ਪਹਿਲੇ ਤਿੰਨ ਸਾਲਾਂ ਤਕ, ਲੋਕਾਂ ਨੇ ਉਸ ਫਲ ਨੂੰ ਨਹੀਂ ਤੋੜਨਾ ਸੀ। ਚੌਥੇ ਸਾਲ ਉਨ੍ਹਾਂ ਨੇ ਉਸ ਦੀ ਫ਼ਸਲ ਯਹੋਵਾਹ ਨੂੰ ਦੇਣੀ ਸੀ। ਪੰਜਵੇਂ ਅਤੇ ਉਸ ਤੋਂ ਬਾਅਦ ਦੇ ਸਾਲਾਂ ਵਿਚ ਉਹ ਉਸ ਦਾ ਫਲ ਖਾ ਸਕਦੇ ਸਨ। ਇਸ ਨਿਯਮ ਨਾਲ ਖੇਤੀਬਾੜੀ ਦੀ ਚੰਗੀ ਰੀਤ ਵਿਖਾਈ ਗਈ। ਇਹ ਇਸਰਾਏਲੀਆਂ ਨੂੰ ਆਲੇ ਦੁਆਲੇ ਦੀਆਂ ਕੌਮਾਂ ਨਾਲੋਂ ਫ਼ਰਕ ਵੀ ਕਰਦਾ ਸੀ ਕਿਉਂ ਜੋ ਉਨ੍ਹਾਂ ਵਿੱਚੋਂ ਕੋਈ ਵੀ ਆਪਣੇ ਚੌਥੇ ਸਾਲ ਦੀ ਫ਼ਸਲ ਪਰਮੇਸ਼ੁਰ ਨੂੰ ਉਵੇਂ ਨਹੀਂ ਦਿੰਦਾ ਸੀ ਜਿਵੇਂ ਇਸਰਾਏਲੀ ਦਿੰਦੇ ਸਨ। ਇਨ੍ਹਾਂ ਨਿਯਮਾਂ ਨਾਲ ਇਸਰਾਏਲ ਦੇ ਸਮਾਜ ਵਿਚ ਯਹੋਵਾਹ ਦੀ ਅਹਿਮੀਅਤ ਵੀ ਵਿਖਾਈ ਗਈ।[23]

ਤੀਜਾ, ਲੇਵੀਆਂ 19 ਵਿਚ ਹੋਰਨਾਂ ਥਾਵਾਂ ਵਾਂਗ ਇਸਰਾਏਲੀਆਂ ਨੂੰ ''ਕੋਈ ਵਸਤ ਲਹੂ ਨਾਲ'' ਖਾਣ ਦੀ ਮਨਾਹੀ ਕੀਤੀ ਗਈ (19:26)। ਇਸ ਹੁਕਮ ਨੂੰ ਮੰਨਣ ਨਾਲ ਇਸਰਾਏਲੀਆਂ ਨੂੰ ਸਿਹਤ ਸਬੰਧੀ ਕੁਝ ਲਾਭ ਮਿਲ ਸਕਦੇ ਸਨ। ਜਾਂ ਕਿਉਂ ਜੋ ਇਸ ਦਾ ਸਬੰਧ ''ਪੁੱਛਣਾ ਤੋਂ'' ਅਤੇ ''ਮਹੂਰਤ ਵੇਖਣ'' ਨਾਲ ਲਗਦਾ ਹੈ, ਜਿਸ ਕਰਕੇ ਇਸ ਦੇ ਧਾਰਮਿਕ ਅਰਥ ਹੋ ਸਕਦੇ ਹੋਣਗੇ। ਸ਼ਾਇਦ ਕਨਾਨੀ ਲੋਕ ਆਪਣੇ ਦੇਵੀ ਦੇਵਤਿਆਂ ਅੱਗੇ ਚੜ੍ਹਾਏ ਗਏ ਜਾਨਵਰਾਂ ਦਾ ਲਹੂ ਪੀ ਲੈਂਦੇ ਸਨ। ਮੂਸਾ ਦੀ ਸ਼ਰ੍ਹਾ ਵਿਚ ਮਿਲਣ ਵਾਲੀਆਂ ਖਾਣ ਪੀਣ ਦੀਆਂ ਹੋਰ ਪਾਬੰਦੀਆਂ ਦੇ ਨਾਲ ਨਾਲ ਇਹ ਨਿਯਮ ਇਸਰਾਏਲੀਆਂ ਨੂੰ ਹੋਰਨਾਂ ਸਭਨਾਂ ਨਾਲੋਂ ਫ਼ਰਕ ਬਨਾਉਣ ਵਿਚ ਯੋਗਦਾਨ ਦਿੰਦਾ ਸੀ। ਆਪਣੇ ਪੂਰੇ ਇਤਹਾਸ ਦੌਰਾਨ ਇਸਰਾਏਲੀ ਲੋਕ ਖਾਣ ਪੀਣ ਦੇ ਨਿਯਮਾਂ ਕਰਕੇ ਜਿਨ੍ਹਾਂ ਨੂੰ ਉਹ ਮੰਨਦੇ ਸਨ ਦੂਜੇ ਲੋਕਾਂ ਨਾਲੋਂ ਫ਼ਰਕ ਸਨ (ਅਤੇ ਉਨ੍ਹਾਂ ਨੂੰ ਅਜੀਬ ਮੰਨਿਆ ਜਾਂਦਾ ਸੀ)। ਉਦਾਹਰਣ ਲਈ, ਇਸ ਕਰਕੇ ਕਿ ਉਹ ਖ਼ੂਨ ਖਾਣ ਤੋਂ ਵਰਜਦੇ ਸਨ।

ਚੌਥਾ, ਪਰਮੇਸ਼ੁਰ ਦੇ ਲੋਕਾਂ ਨੂੰ ਆਪਣੇ ਸਰੀਰ ਨੂੰ ਚੀਰਣ ਜਾਂ ਉਸ ਉੱਤੇ ਨਿਸ਼ਾਨ ਲਾਉਣ ਤੋਂ ਵਰਜਿਆ ਗਿਆ ਸੀ (19:27, 28)। ਇਹ ਸਾਰੇ ਕੰਮ ਬੁੱਤਪ੍ਰਸਤਾਂ ਦੀਆਂ ਧਾਰਮਿਕ ਗਤੀਵਿਧੀਆਂ ਨਾਲ ਜੁੜੇ ਲਗਦੇ ਹਨ। (ਬਾਈਬਲ ''ਕਿਸੇ ਦੇ ਮਰਨ ਤੇ ਆਪਣੇ ਸਰੀਰ ਨੂੰ ਚੀਰਣ'' ਦੀ ਗੱਲ

ਕਰਦੀ ਹੈ।) ਆਪਣੀ ਦਾੜ੍ਹੀ ਜਾਂ ਵਾਲਾਂ ਸਬੰਧੀ ਨਿਯਮ ਵੀ ਕਿਸੇ ਬੁੱਤਪ੍ਰਸਤ ਰੀਤ ਨਾਲ ਜੁੜੇ ਹੋਏ ਹੋ ਸਕਦੇ ਹਨ।

ਜੇ ਇਸਰਾਏਲੀ ਪਰਮੇਸ਼ੁਰ ਵੱਲੋਂ ਉਨ੍ਹਾਂ ਨੂੰ ਦਿੱਤੀਆਂ ਗਈਆਂ ''ਬਿਧਾਂ'' ਅਤੇ ''ਨਿਆਵਾਂ'' ਨੂੰ ਮੰਨਦੇ (19:37), ਤਾਂ ਉਨ੍ਹਾਂ ਨੇ ਹੋਰਨਾਂ ਸਭ ਕੌਮਾਂ ਨਾਲੋਂ ਨਿਰਾਲੇ, ਅੱਡ ਭਾਵ ਪਵਿੱਤਰ ਕੌਮ ਹੋਣਾ ਸੀ। ਇਸ ਨਿਰਾਲੇਪਨ ਨਾਲ ਉਨ੍ਹਾਂ ਨੂੰ ਦੂਜਿਆਂ ਨਾਲ ਭਾਵ ਆਪਣੀ ਸੰਗਤੀ ਤੋਂ ਬਾਹਰ ਦੇ ਲੋਕਾਂ ਨਾਲ ਵੀ ਪਿਆਰ ਕਰਨ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿਚ ਕਿਵੇਂ ਮਦਦ ਮਿਲਣੀ ਸੀ?

ਇਹ ਸਵਾਲ ਅੱਜ ਖ਼ਾਸ ਤੌਰ ਤੇ ਢੁਕਵਾਂ ਹੈ। ਪ੍ਰਾਚੀਨ ਇਸਰਾਏਲੀਆਂ ਵਾਂਗ ਮਸੀਹੀ ਲੋਕਾਂ ਨੂੰ ਵੀ ਦੂਜਿਆਂ ਨਾਲੋਂ ਅੱਡ ਅਤੇ ਵਿਲੱਖਣ ਹੋਣ ਦੀ ਚੁਣੌਤੀ ਹੈ। ਕਲੀਸੀਆ ਦੇ ਕਈ ਲੋਕਾਂ ਨੂੰ ਇਹ ਲਗਦਾ ਹੋ ਸਕਦਾ ਹੈ ਕਿ ਦੂਜਿਆਂ ਨੂੰ ਪ੍ਰਭੂ ਵਾਸਤੇ ਜਿੱਤਣ ਲਈ, ਸਾਨੂੰ ਸੰਸਾਰ ਦੀਆਂ ਗਤੀਵਿਧੀਆਂ ਵਿਚ ਉਨ੍ਹਾਂ ਨਾਲ ਭਾਗ ਲੈ ਕੇ ਉਨ੍ਹਾਂ ਵਰਗੇ ਬਣਨਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਸਿਰਫ਼ ਤਦੇ ਹੀ ਅਸੀਂ ਬਾਹਰੀ ਲੋਕਾਂ ਨੂੰ ਕਲੀਸੀਆ ਦੀਆਂ ਗਤੀਵਿਧੀਆਂ ਵਿਚ ਆਉਣ ਅਤੇ ਆਪਣੇ ਨਾਲ ਬੰਦਗੀ ਵਿਚ ਹਿੱਸਾ ਲੈਣ ਲਈ ਖਿੱਚ ਸਕਦੇ ਹਾਂ। ਇਸ ਨਜ਼ਰੀਏ ਦੀ ਇਕ ਦਿੱਕਤ ਇਹ ਹੈ ਕਿ ਭਲਿਆਈ ਲਈ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਸਾਡੇ ਲਈ ਭਲੇ ਹੋਣਾ ਜ਼ਰੂਰੀ ਹੈ। ਅਸੀਂ ਉਨ੍ਹਾਂ ਦੀਆਂ ਪਾਪ ਦੀਆਂ ਗਤੀਵਿਧੀਆਂ ਵਿਚ ਭਾਗ ਨਹੀਂ ਲੈ ਸਕਦੇ। ਸਾਡੇ ਲਈ ਲੂਣ ਅਤੇ ਚਾਨਣ ਬਣਨਾ ਜ਼ਰੂਰੀ ਹੈ (ਮੱਤੀ 5:13–16); ਲੂਣ ਅਤੇ ਚਾਨਣ ਉਸ ਨਾਲੋਂ ਅੱਡ ਹੁੰਦੇ ਹਨ ਜਿਸ ਨੂੰ ਇਹ ਪ੍ਰਭਾਵਿਤ ਕਰਦੇ ਹਨ।

ਸਚਿਆਈ ਇਹ ਹੈ ਕਿ ਆਪਣੇ ਆਪ ਨੂੰ ਉਨ੍ਹਾਂ ਦੇ ਪੱਧਰ ਤੇ ਨੀਵਾਂ ਕਰਨ (ਉਨ੍ਹਾਂ ਦੇ ਬੁਰੇ ਕੰਮਾਂ ਵਿਚ ਭਾਗ ਲੈਣ) ਦੀ ਬਜਾਇ ਆਪਣੀ ਵਿਲੱਖਣਤਾ ਨੂੰ ਬਣਾਈ ਰੱਖ ਕੇ (ਤਾਂ ਜੋ ਅਸੀਂ ਉਨ੍ਹਾਂ ਨੂੰ ਬੇਹਤਰ ਬਣਨ ਲਈ ਪ੍ਰਭਾਵਿਤ ਕਰ ਸਕੀਏ)। ਅਸੀਂ ਦੂਜਿਆਂ ਲਈ ਵੱਡਾ ਪਿਆਰ ਵਿਖਾਉਂਦੇ ਹਾਂ। ਇਸ ਕਰਕੇ ਅੱਜ ਮਸੀਹੀ ਲੋਕਾਂ ਲਈ ਪੁਰਾਣੇ ਸਮੇਂ ਦੇ ਮਸੀਹੀਆਂ ਵਾਂਗ ਵਿਲੱਖਣ ਅਤੇ ਅੱਡ ਹੋਣਾ ਜ਼ਰੂਰੀ ਹੈ। ਕਿਉਂ? ਵੰਨ–ਸੁਵੰਨੇ ਭੋਜਨ ਖਾ ਕੇ ਜਾਂ ਵੰਨ–ਸੁਵੰਨੇ ਕੱਪੜੇ ਪਹਿਨ ਕੇ ਨਹੀਂ ਬਲਕਿ ਸਾਡੇ ਲਈ ਸੰਸਾਰ ਨਾਲੋਂ ਇਸ ਗੱਲ ਵਿਚ ਫ਼ਰਕ ਹੋਣਾ ਜ਼ਰੂਰੀ ਹੈ ਕਿ ਅਸੀਂ ਸੰਸਾਰ ਦੇ ਵਰਗੇ ਨਹੀਂ ਹਾਂ (ਰੋਮੀਆਂ 12:1, 2)। ਸਾਡੇ ਲਈ ਆਪਣੇ ਆਪ ਨੂੰ ''ਜਗਤ ਤੋਂ ਨਿਹਕਲੰਕ ਰੱਖਣਾ'' (ਯਾਕੂਬ 1:27) ਅਤੇ ਸੰਸਾਰ ਦੀਆਂ ਪਾਪ ਵਾਲੀਆਂ ਗੱਲਾਂ ਨਾਲ ਪਿਆਰ ਨਾ ਕਰਨਾ ਜ਼ਰੂਰੀ ਹੈ (1 ਯੂਹੰਨਾ 2:15, 16)। ਸਾਡੀ ਵਿਲੱਖਣਤਾ, ਸਾਡੀ ਨਿਹਚਾ ਅਤੇ ਸਾਡੀ ਰੂਹਾਨੀਅਤ ਅਤੇ ਸਾਡੀ ਸ਼ੁੱਧਤਾ ਵਿਚ ਵੀ ਨਜ਼ਰ ਆਉਣੀ ਚਾਹੀਦੀ ਹੈ। ਜੇ ਅਸੀਂ ਦੂਜਿਆਂ ਨਾਲ ਪਿਆਰ ਕਰਦੇ ਹਾਂ, ਤਾਂ ਅਸੀਂ ਉਸ ਵਿਲੱਖਣ ਪਛਾਣ ਨੂੰ ਬਣਾਈ ਰੱਖਾਂਗੇ ਅਤੇ ਇਸ ਗੱਲ ਦੇ ਚੰਗੇ ਨਮੂਨੇ ਬਣਾਂਗੇ ਕਿ ਪਰਮੇਸ਼ੁਰ ਨਾਲ ਪਿਆਰ ਕਰਨ ਅਤੇ ਉਸ ਦਾ ਹੁਕਮ ਮੰਨਣ ਵਾਲੇ ਨੂੰ ਭਰਪੂਰੀ ਦਾ ਜੀਵਨ ਕਿਵੇਂ ਮਿਲਦਾ ਹੈ (ਵੇਖੋ ਯੂਹੰਨਾ 10:10)।

## ਹਰ ਤਰ੍ਹਾਂ ਦੇ ਲੋਕਾਂ ਨਾਲ ਭਲਿਆਈ ਕਰਨਾ

ਇਹ ਅਧਿਆਇ ਇਹ ਵੀ ਸਾਫ਼ ਕਰਦਾ ਹੈ ਕਿ ਇਸਰਾਏਲੀ ਨੂੰ ਕਈ ਤਰੀਕਿਆਂ ਨਾਲ ਲੋਕਾਂ ਨਾਲ ਭਲਿਆਈ ਕਰਨੀ ਜ਼ਰੂਰੀ ਸੀ। ਸਾਡੇ ਲਈ ਵੀ ਆਪਣੇ ਗੁਆਂਢੀਆਂ ਨਾਲ ਪਿਆਰ ਕਰਨਾ ਜ਼ਰੂਰੀ ਹੈ, ਇਸ ਕਰਕੇ ਅਸੀਂ ਇਹ ਮੰਨ ਸਕਦੇ ਹਾਂ ਕਿ ਖ਼ੁਦਾ ਇਸ ਮਸੀਹੀ ਯੁੱਗ ਵਿਚ ਸਾਥੋਂ ਵੀ ਇਸੇ ਤਰ੍ਹਾਂ ਦਾ ਸਲੂਕ ਚਾਹੁੰਦਾ ਹੈ।

**ਸਾਡੇ ਦੁਸ਼ਮਣ**

ਇਸਰਾਏਲੀ ਵਿਅਕਤੀ ਨੇ ''ਆਪਣੇ ਭਰਾ ਨਾਲ ਆਪਣੇ ਮਨ ਵਿਚ ਵੈਰ'' ਨਹੀਂ ਰੱਖਣਾ ਸੀ, ਭਾਵੇਂ ਉਹ ਉਹਨੂੰ ''ਤਾੜ'' ਜ਼ਰੂਰ ਸਕਦਾ ਸੀ (19:17)। ਮਸੀਹੀ ਆਦਮੀ ਨੂੰ ਵੀ ਕਿਸੇ ਦੁਸ਼ਮਣ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ; ਬਲਕਿ ਉਹ ਉਹਨੂੰ (ਉਸ ਦੇ ਆਪਣੇ ਭਲੇ ਲਈ) ਦੱਸ ਸਕਦਾ ਹੈ ਕਿ ਉਹਨੇ ਕੀ ਗਲਤੀ ਕੀਤੀ ਹੈ। ਇਹ ਇੰਜ ਨਾ ਹੋਵੇ ਕਿ ''ਦੋਸ਼ ਤੇਰੇ ਜ਼ਿੰਮੇ'' ਲੱਗੇ (19:17)। ਤਾੜਨਾ ਗਲਤੀ ਕਰਨ ਵਾਲੇ ਦੇ ਵਿਰੁੱਧ ਬਿਨਾਂ ਕਿਸੇ ਬਦਲੇ ਦੀ ਭਾਵਨਾ ਜਾਂ ਖਿਝ ਰੱਖੇ, ਸਹੀ ਰਵੱਈਏ ਨਾਲ, ਕੋਮਲਤਾ ਨਾਲ ਕੀਤੀ ਜਾਵੇ (19:18)।

ਕਈਆਂ ਦਾ ਵਿਚਾਰ ਇਹ ਹੈ ਕਿ ਨਵਾਂ ਨੇਮ ਵਿਚਾਰਾਂ ਅਤੇ ਵਿਹਾਰਾਂ ਅਤੇ ਇੱਛਾਵਾਂ ਨਾਲ ਨਜਿੱਠਦਾ ਹੈ ਜਦ ਕਿ ਪੁਰਾਣਾ ਨੇਮ ਸਿਰਫ਼ ਕੰਮਾਂ ਨਾਲ ਨਜਿੱਠਦਾ ਹੈ। ਸਾਫ਼ ਤੌਰ ਤੇ ਆਪਣੇ ਵੈਰੀ ਨਾਲ ਵੀ ''ਵੈਰ'' ਰੱਖਣ ਦੀ ਮਨਾਹੀ ਕਰਕੇ ਇਸ ਵਿਸ਼ਵਾਸ ਨੂੰ ਝੁਠਲਾ ਦਿੰਦੀਆਂ ਹਨ।

**ਸਾਡਾ ਪਰਿਵਾਰ ਅਤੇ ਮਿੱਤਰ**

ਪਰਮੇਸ਼ੁਰ ਦੇ ਲੋਕਾਂ ਨੂੰ ਸੁਖ ਸਾਂਦ ਦੀਆਂ ਭੇਟਾਂ ਲਿਆ ਕੇ ਆਪਣੇ ਪਰਿਵਾਰਾਂ ਅਤੇ ਭਰਾਵਾਂ ਦੀ ਭਲਿਆਈ ਕਰਨ ਦਾ ਹੁਕਮ ਦਿੱਤਾ ਗਿਆ ਸੀ। ਲੇਵੀਆਂ ਦੀ ਪੋਥੀ 19:5–8 ਵਿਚ ਅਜਿਹੀਆਂ ਭੇਟਾਂ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਨੂੰ ਚਾਹੇ ਕਿਸੇ ਹੋਰ ਕਾਰਣ ਲਈ ਇਸ ਸੰਦਰਭ ਵਿਚ ਸ਼ਾਮਿਲ ਕੀਤਾ ਗਿਆ ਹੋਵੇ, ਪਰ ਇਹ ਸਾਨੂੰ ਯਾਦ ਦੁਆਉਂਦੀਆਂ ਹਨ (ਅਤੇ ਇਸਰਾਏਲੀਆਂ ਨੂੰ ਯਾਦ ਦੁਆਉਂਦੀਆਂ ਹੋਣਗੀਆਂ) ਕਿ ਆਪਣੇ ਪਰਿਵਾਰ ਅਤੇ ਭਰਾਵਾਂ ਦੇ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਹੈ। ਜਦ ਕੋਈ ਸੁੱਖ ਸਾਂਦ ਦੀ ਭੇਟ ਲੈ ਕੇ ਆਉਂਦਾ ਤਾਂ ਉਹ ਬਲੀ ਕੀਤੇ ਗਏ ਜਾਨਵਰ ਦੇ ਕੁਝ ਹਿੱਸੇ ਨੂੰ ਇਕ ਤਰ੍ਹਾਂ ਦੇ ਪ੍ਰੀਤੀਭੋਜ ਵਿਚ ਵੰਡਕੇ ਇਕੱਠੇ ਖਾਣ ਲਈ ਆਪਣੇ ਪਰਿਵਾਰ ਅਤੇ ਮਿੱਤਰਾਂ ਲਈ ਇਕ ਮੌਕਾ ਦਿੰਦਾ। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਆਪਣੀਆਂ ਬਰਕਤਾਂ ਉਨ੍ਹਾਂ ਨਾਲ ਵੰਡਣੀਆਂ ਚਾਹੀਦੀਆਂ ਹਨ, ਜਿਹੜੇ ਸਾਡੇ ਕਰੀਬੀ ਹਨ।

**ਸਾਡੇ ਮਾਂ ਪਿਓ**

19:3 ਵਿਚ ਇਸਰਾਏਲੀਆਂ ਨੂੰ ਦੱਸਿਆ ਗਿਆ, ''ਤੁਸਾਂ ਆਪੋ ਆਪਣੀ ਮਾਂ ਅਤੇ ਆਪੋ ਆਪਣੇ ਪਿਉ ਤੋਂ ਡਰਨਾ ਅਤੇ ਮੇਰਿਆਂ ਸੱਬਤਾਂ ਨੂੰ ਧਿਆਨ ਰੱਖਣਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।'' ਇਸ ਵਚਨ ਵਿਚ ਦਸਾਂ ਹੁਕਮਾਂ ਵਿੱਚੋਂ ਪੰਜਵੇਂ ਹੁਕਮ ਨੂੰ ਦੁਹਰਾਇਆ ਗਿਆ ਹੈ। ਬੱਚਿਆਂ ਲਈ ਆਪਣੇ ਮਾਂ ਪਿਓ ''ਤੋਂ ਡਰਨਾ'' ਜਾਂ ਉਨ੍ਹਾਂ ਦਾ ਆਦਰ ਕਰਨਾ ਜ਼ਰੂਰੀ ਹੈ। ਅੱਜ ਛੋਟੇ ਬੱਚਿਆਂ ਨੂੰ ਆਪਣੇ ਮਾਂ ਪਿਓ ਦਾ ਹੁਕਮ ਮੰਨਣ ਦਾ ਹੁਕਮ ਦਿੱਤਾ ਜਾਂਦਾ ਹੈ (ਅਫ਼ਸੀਆਂ 6:1)। ਜਦ ਉਹ ਬੁੱਢੇ ਹੋ ਜਾਂਦੇ ਹਨ ਤਾਂ ਪਰਮੇਸ਼ੁਰ ਚਾਹੁੰਦਾ ਹੈ ਕਿ ਬੱਚੇ ਆਪਣੇ ਬਜ਼ੁਰਗ ਮਾਤਾ ਪਿਤਾ ਨੂੰ ਸੰਭਾਲਣ। ਜ਼ਿੰਦਗੀ ਦੀ ਹਰ ਹਾਲਤ ਵਿਚ ਬੱਚਿਆਂ ਨੂੰ ਆਪਣੇ ਮਾਂ ਪਿਓ ਦੀ ਇੱਜ਼ਤ ਕਰਨੀ ਅਤੇ ਉਨ੍ਹਾਂ ਦੇ ਪ੍ਰਤੀ ਆਦਰ ਵਿਖਾਉਣਾ ਜ਼ਰੂਰੀ ਹੈ।

**ਬਜ਼ੁਰਗ**

ਇਸਰਾਏਲੀਆਂ ਲਈ ਨਾ ਸਿਰਫ਼ ਆਪਣੇ ਬਜ਼ੁਰਗ ਮਾਂ ਪਿਓ ਦਾ ਬਲਕਿ ਹਰ ਬਜ਼ੁਰਗ ਦਾ ਆਦਰ ਕਰਨਾ ਜ਼ਰੂਰੀ ਸੀ। ਉਨ੍ਹਾਂ ਲਈ ਹਰ ਕਿਸੇ ਦਾ ਆਦਰ ਕਰਨਾ ਜ਼ਰੂਰੀ ਸੀ (19:32)। ਇਨ੍ਹਾਂ ਹਦਾਇਤਾਂ ਦੀ ਅੱਜ ਸ਼ਾਇਦ ਉਸ ਨਾਲੋਂ ਵੀ ਵੱਧ ਲੋੜ ਹੈ। ਇਹ ਆਇਤ ਬਜ਼ੁਰਗਾਂ ਲਈ ਇੱਜ਼ਤ ਨੂੰ ਪਰਮੇਸ਼ੁਰ ਦੇ ਡਰ ਨਾਲ ਜੋੜਦੀ ਹੈ। ਇਹ ਸੁਝਾਅ ਦਿੰਦੀ ਹੋਈ ਲਗਦੀ ਹੈ ਕਿ ਬਜ਼ੁਰਗਾਂ ਦੀ ਇੱਜ਼ਤ ਕਰਨ ਤੋਂ ਇਨਕਾਰ ਕਰਨ ਵਾਲੇ ਲੋਕ ਪਰਮੇਸ਼ੁਰ ਦਾ ਅਪਮਾਨ ਕਰਨ ਵਾਲੇ ਲੋਕ ਵੀ ਹੋ ਸਕਦੇ ਹਨ।

### ਕਰਮਚਾਰੀ

ਇਸਰਾਏਲ ਵਿਚ ਰੁਜ਼ਗਾਰ ਦੇਣ ਵਾਲੇ ਲੋਕ ਮਜ਼ਦੂਰਾਂ ਨਾਲ ਧੋਖਾ ਨਹੀਂ ਕਰ ਸਕਦੇ ਸਨ (19: 13)। ਉਸ ਸੱਭਿਅਤਾ ਵਿਚ ਲੋਕਾਂ ਨੂੰ ਰੋਜ਼ ਮਜ਼ਦੂਰੀ ਤੇ ਰੱਖਿਆ ਜਾਂਦਾ ਸੀ ਅਤੇ ਸ਼ਾਮ ਵੇਲੇ ਮਜ਼ਦੂਰੀ ਦੇ ਦਿੱਤੀ ਜਾਂਦੀ ਸੀ। ਜੇ ਦਿਹਾੜੀ ਤੇ ਰੱਖੇ ਮਜ਼ਦੂਰ ਨੂੰ ਅਗਲੇ ਦਿਨ ਦਿਹਾੜੀ ਨਾ ਦਿੱਤੀ ਜਾਂਦੀ ਤਾਂ ਉਹਦੇ ਕੋਲ ਉਸ ਰਾਤ ਨੂੰ ਖਾਣ ਲਈ ਜਾਂ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਕੁਝ ਨਹੀਂ ਹੁੰਦਾ ਸੀ। ਅੱਜ ਦੇ ਸੰਸਾਰ ਵਿਚ ਬੇਈਮਾਨ ਰੁਜ਼ਗਾਰ ਦੇਣ ਵਾਲਿਆਂ ਲਈ ਆਪਣੇ ਕਰਮਚਾਰੀਆਂ ਦਾ ਫ਼ਾਇਦਾ ਚੁੱਕਣਾ ਅਸਾਨ ਹੋ ਸਕਦਾ ਹੈ; ਪਰ ਆਪਣੇ ਗੁਆਂਢੀ ਨਾਲ ਆਪਣੇ ਵਰਗਾ ਪਿਆਰ ਕਰਨ ਵਾਲਾ ਰੁਜ਼ਗਾਰ ਦੇਣ ਵਾਲਾ ਵਿਅਕਤੀ ਆਪਣੇ ਕਰਮਚਾਰੀਆਂ ਨਾਲ ਉਵੇਂ ਹੀ ਵਿਹਾਰ ਕਰੇਗਾ ਜਿਵੇਂ ਉਹ ਚਾਹੁੰਦਾ ਹੈ ਕਿ ਉਸ ਦੇ ਨਾਲ ਕੀਤਾ ਜਾਵੇ। ਉਹ ਮਜ਼ਦੂਰ ਨੂੰ ਘੱਟ ਮਜ਼ਦੂਰੀ ਨਹੀਂ ਦਵੇਗਾ।[24]

### ਕਾਨੂੰਨੀ ਮਾਮਲਿਆਂ ਵਿਚ ਫਸੇ ਲੋਕ

ਇਸਰਾਏਲ ਦੇ ਕਾਨੂੰਨੀ ਸਿਸਟਮ ਘੱਟੋ-ਘੱਟ ਦੀਵਾਨੀ ਮੁਕੱਦਮਿਆਂ ਵਿਚ ਇਕ ਗੱਲ ਹੁੰਦੀ ਸੀ ਕਿ ਉਨ੍ਹਾਂ ਨੂੰ ''ਰਸਮੀ ਅਦਾਲਤੀ ਕਾਰਵਾਈਆਂ'' ਕਿਹਾ ਜਾ ਸਕਦਾ ਹੈ। ਜੇ ਕਿਸੇ ਨੂੰ ਕਿਸੇ ਦੇ ਖ਼ਿਲਾਫ਼ ਸ਼ਿਕਾਇਤ ਹੁੰਦੀ ਤਾਂ ਉਹ ਆਪਣਾ ਮੁਕੱਦਮਾ ਲੋਕਾਂ ਦੇ ਬਜ਼ੁਰਗਾਂ ਕੋਲ ਲੈ ਕੇ ਆਉਂਦਾ ਅਤੇ ਉਹ ਮੁਦੱਈ ਅਤੇ ਮੁਦਾਲਾ ਵਿਚਕਾਰ ਨਿਆਂ ਕਰਦਾ। ਇਸ ਕਰਕੇ ਇਨਾਂ ਦੀਵਾਨੀ ਮੁਕੱਦਮਿਆਂ ਵਿਚ ਕੋਈ ਵੀ ਇਸਰਾਏਲੀ ਆਪਣੇ ਆਪ ਨੂੰ ਨਿਆਈਂ ਦੇ ਰੂਪ ਵਿਚ ਕੰਮ ਕਰਦਿਆਂ ਵੇਖ ਸਕਦਾ ਸੀ।

ਨਿਆਈਂ ਜਿਹੜਾ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰਦਾ ਸੀ ਨੇ ਹਰ ਫ਼ੈਸਲਾ ''ਨਿਰਪੱਖ'' ਹੋ ਕੇ ਦੇਣਾ ਹੁੰਦਾ ਸੀ, ਜੋ ਕਿ ਬਿਨਾਂ ਕਿਸੇ ਦਾ ਪੱਖ ਲੈ ਕੇ ਹੁੰਦਾ ਸੀ (19: 15)। ਉਹਨੇ ''ਸਮਰੱਥੀ ਦਾ ਲਿਹਾਜ਼'' ਨਹੀਂ ਕਰਨਾ ਹੁੰਦਾ ਸੀ। ਰਿਸ਼ਵਤ ਕਬੂਲ ਕਰਨਾ ਇਕ ਵੱਡੀ ਪਰੀਖਿਆ ਹੁੰਦੀ ਹੋਵੇਗੀ। ਕਾਨੂੰਨ ਇਹ ਵੀ ਆਖਦਾ ਹੈ ਕਿ ਨਿਆਂ ਕਰਨ ਵਾਲਾ ਵਿਅਕਤੀ ''ਕੰਗਾਲ ਦੀ ਰਈ ਨਾ'' ਕਰੇ। ਅੱਜ ਕੁਝ ਜਿਊਰੀਆਂ ''ਸਮਰੱਥੀ ਦਾ ਲਿਹਾਜ਼'' ਕਰਦੀਆਂ, ਜਦਕਿ ਦੂਸਰੀਆਂ ''ਕੰਗਾਲ ਦੀ ਰਈ'' ਕਰਦੀਆਂ ਹੋਈਆਂ ਲਗਦੀਆਂ ਹਨ। ਕਈ ਮਾਮਲਿਆਂ ਵਿਚ ਗ਼ਰੀਬ ਲੋਕਾਂ ਵਿੱਚੋਂ ਕੋਈ ਬੀਤੇ ਸਮੇਂ ਵਿਚ ਉਸ ਦੀ ਬਰਾਦਰੀ ਨਾਲ ਹੋਣ ਵਾਲੇ ਅਨਿਆਂ ਵੱਲ ਧਿਆਨ ਦੁਆ ਕੇ ਸੰਗੀਨ ਜੁਰਮਾਂ ਤੋਂ ਛੁੱਟ ਸਕਦਾ ਹੈ। ਲੇਵੀਆਂ 19 ਦੋਹਾਂ ਵਿੱਚੋਂ ਕੋਈ ਵੀ ਅੱਤ ਕਰਨ ਤੋਂ ਰੋਕਦਾ ਹੈ। ਕਾਨੂੰਨੀ ਪਿਛੋਕੜ ਵਿਚ ਨਿਆਂ ਕਰਨ ਵੇਲੇ ਆਪਣੇ ਗੁਆਂਢੀ ਨਾਲ ਪਿਆਰ ਕਰਨ ਵਾਲਾ ਵਿਅਕਤੀ ਜਿਸ ਦਾ ਮੁਕੱਦਮਾ ਹੋ ਰਿਹਾ ਹੈ ਉਸ ਦੇ ਸਮਾਜਿਕ ਜਾਂ ਆਰਥਿਕ ਰੁਤਬੇ ਨੂੰ ਧਿਆਨ ਵਿਚ ਰੱਖੇ ਬਗ਼ੈਰ, ਬਿਲਕੁਲ ਨਿਰਪੱਖ ਅਤੇ ਸਹੀ ਸਹੀ ਨਿਆਂ ਕਰੇਗਾ।

### ਅਪਾਹਿਜ ਲੋਕ

ਪੁਰਾਣੇ ਨੇਮ ਦੇ ਹੋਰਨਾਂ ਕਈ ਹਵਾਲਿਆਂ ਵਾਂਗ ਲੇਵੀਆਂ ਦੀ ਪੋਥੀ 19 ਉਨ੍ਹਾਂ ਦੀ ਪਰਵਾਹ ਕਰਨ ਦੀ ਲੋੜ ਤੇ ਜ਼ੋਰ ਦਿੰਦਾ ਹੈ ਜਿਨ੍ਹਾਂ ਦਾ ਕੋਈ ਅੱਗੇ ਪਿੱਛੇ ਨਾ ਹੋਵੇ। ਅਧਿਆਇ ਵਿਚ ਲਾਚਾਰ ਲੋਕਾਂ ਦੀ ਇਕ ਸ਼੍ਰੇਣੀ ਅਪਾਹਿਜ ਲੋਕ ਹੈ। ਆਇਤ 14 ਦਾ ਦਿਲਚਸਪ ਹੁਕਮ ਅਪਾਹਿਜ ਲੋਕਾਂ ਨੂੰ ਚਿੜਾਉਣ ਜਾਂ ਉਨ੍ਹਾਂ ਨੂੰ ਜ਼ਲੀਲ ਕਰਨ ਤੋਂ ਵਰਜਦਾ ਹੈ। ਕਿਸੇ ਬੋਲ਼ੇ ਨਾਲ ਬੇਰੁਖ਼ੀ ਨਾਲ ਗੱਲ ਕਰਨਾ ਜਾਂ ਕਿਸੇ ਅੰਨ੍ਹੇ ਦੇ ਰਾਹ ਵਿਚ ਰੋੜਾ ਰੱਖਣਾ ਅਪਾਹਿਜ ਨੂੰ ਸ਼ਰਮਸਾਰ ਜਾਂ ਬੇਇੱਜ਼ਤ ਕਰਨ ਵਾਲਾ ਹੋਣਾ ਸੀ। ਅਜਿਹੇ ਗੁਸਤਾਖ਼ੀ ਭਰੇ ਕੰਮ ਉਸ ਦੀ ਬੇਇੱਜ਼ਤੀ ਕਰਨ ਵਾਲੇ ਹੋਣੇ ਸਨ ਜੋ ਇਕ ਵਿਅਕਤੀ ਦੇ ਰੂਪ ਵਿਚ ਉਸ ਦੀ ਕਦਰ ਘਟਾਉਣ ਵਾਲੇ ਸਨ। ਇਸ ਕਰਕੇ ਇਹੋ ਜਿਹੇ ਕੰਮਾਂ ਵਿਚ ਲਗਣਾ ਉਦੋਂ ਤਾਂ ਜਿਹੜਾ ਗਲਤ ਸੀ, ਉਹ ਹੈ ਹੀ ਸੀ, ਅੱਜ ਵੀ ਉਹ ਗਲਤ ਹੀ ਹੋਵੇਗਾ! ''ਆਪਣੇ ਗੁਆਂਢੀ

ਨਾਲ ਆਪਣੇ ਜਿਹਾ ਪਿਆਰ'' ਕਰਨ ਦਾ ਅਰਥ ਹਰ ਕਿਸੇ ਨਾਲ ਪਿਆਰ ਅਤੇ ਇੱਜ਼ਤ ਵਿਖਾਉਣਾ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਅਪਾਹਿਜ ਦੀ ਸ਼ਖ਼ਸੀਅਤ ਨੂੰ ਪੱਕਾ ਕਰਨਾ ਜ਼ਰੂਰੀ ਹੈ ਭਾਵ ਸਾਨੂੰ ਉਨ੍ਹਾਂ ਨੂੰ ਡੇਗਣ ਦੀ ਬਜਾਇ ਉਠਾਉਣਾ ਚਾਹੀਦਾ ਹੈ।

**ਕੰਗਾਲ**

ਲੇਵੀਆਂ ਦੀ ਪੋਥੀ 19:9, 10 ਦੱਸਦਾ ਹੈ ਕਿ ਇਸਰਾਏਲੀਆਂ ਲਈ ''ਲੋੜਵੰਦਾਂ'' (''ਕੰਗਾਲਾਂ'') ਲਈ ਕੀ ਕਰਨਾ ਜ਼ਰੂਰੀ ਸੀ। ਇਹ ਹਵਾਲਾ ਇਹ ਸਾਫ਼ ਨਹੀਂ ਕਰਦਾ ਕਿ ''ਕੰਗਾਲਾਂ'' ਵਿਚ ਕੌਣ–ਕੌਣ ਸੀ, ਪਰ ਸ਼ਰ੍ਹਾ ਦੇ ਹੋਰ ਨਿਯਮਾਂ ਵਿਚ ਅਨਾਥਾਂ ਅਤੇ ਵਿਧਵਾਵਾਂ ਦੀ ਦੇਖਭਾਲ ਕਰਨ ਦੀ ਗੱਲ ਹੈ, ਕਿਉਂ ਜੋ ਉਨ੍ਹਾਂ ਨੂੰ ਵੇਖਣ ਵਾਲਾ ਉਨ੍ਹਾਂ ਦੇ ਅੱਗੇ ਪਿੱਛੇ ਕੋਈ ਨਹੀਂ ਹੁੰਦਾ ਸੀ। ਬੇਸ਼ੱਕ ਇੱਥੇ ''ਕੰਗਾਲਾਂ'' ਵਿਚ ਅਨਾਥ ਅਤੇ ਵਿਧਵਾਵਾਂ ਸ਼ਾਮਿਲ ਸਨ ਪਰ ਇਹ ਉਨ੍ਹਾਂ ਤਕ ਹੀ ਸੀਮਿਤ ਨਹੀਂ ਹੈ। ਆਪਣੇ ਗੁਆਂਢੀਆਂ ਨੂੰ ਆਪਣੇ ਜਿਹਾ ਪਿਆਰ ਕਰਨ ਲਈ ਇਸਰਾਏਲੀਆਂ ਨੂੰ ਕੰਗਾਲਾਂ ਦੀ ਦੇਖਭਾਲ ਕਰਨੀ ਜ਼ਰੂਰੀ ਸੀ। ਨਵਾਂ ਨੇਮ ਸਾਡੇ ਉੱਤੇ ਇਹੀ ਜ਼ਿੰਮੇਵਾਰੀ ਪਾਉਂਦਾ ਹੈ। ਪੌਲੁਸ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ''ਗਰੀਬਾਂ ਨੂੰ ਚੇਤੇ ਰੱਖੀਏ'' (ਗਲਾਤੀਆਂ 2:10), ਅਤੇ ਯਾਕੂਬ ਨੇ ''ਸ਼ੁੱਧ ਅਤੇ ਨਿਰਮਲ ਭਗਤੀ'' ਦੀ ਪਰਿਭਾਸ਼ਾ ਵਿਚ ''ਅਨਾਥਾਂ ਅਤੇ ਵਿਧਵਾਵਾਂ ਦੀ ਸੁੱਧ ਲੈਣ'' ਨੂੰ ਸ਼ਾਮਿਲ ਕਰ ਦਿੱਤਾ (ਯਾਕੂਬ 1:27)।

ਇਸ ਹੁਕਮ ਨੇ ਕੰਗਾਲਾਂ ਲਈ ਇੰਤਜ਼ਾਮ ਦਾ ਤਰੀਕਾ ਤੈਅ ਕਰ ਦਿੱਤਾ। ਜ਼ਿਮੀਦਾਰਾਂ ਨੇ ਆਪਣੀ ਜ਼ਮੀਨ ਦੀਆਂ ਨੁੱਕਰਾਂ ਵਿੱਚੋਂ ਵਾਢੀ ਨਹੀਂ ਕਰਨੀ ਸੀ। ਭਾਵ ਕਟਾਈ ਦੇ ਬਾਅਦ ਖੇਤ ਵਿਚ ਰਹਿ ਗਏ ਦਾਣੇ ਨਹੀਂ ਚੁਗਣੇ ਸਨ ਜਾਂ ਬਾਗਾਂ ਅਤੇ ਵਾੜਾਂ ਵਿਚ ਆਪਣੇ ਆਪ ਡਿੱਗਿਆ ਫਲ ਨਹੀਂ ਚੁੱਕਣਾ ਸੀ। ਇਹ ਸਾਰਾ ਫਲ ਲੋੜਵੰਦਾਂ ਲਈ ਛੱਡ ਦਿੱਤਾ ਜਾਣਾ ਸੀ। ਕੰਗਾਲਾਂ ਲਈ ਫ਼ਸਲ ਦੇ ਇਨ੍ਹਾਂ ਫਲਾਂ ਨੂੰ ਛੱਡ ਦੇਣਾ ਕਿਸਾਨ ਵੱਲੋਂ ਕੀਤੀ ਜਾਣ ਵਾਲੀ ਵੱਡੀ ਕੁਰਬਾਨੀ ਹੁੰਦਾ ਹੋਵੇਗਾ। ਪਰ ਕੰਗਾਲਾਂ ਲਈ ਇਸ ਸਿਸਟਮ ਦਾ ਫ਼ਾਇਦਾ ਲੈਣ ਲਈ ਖੇਤਾਂ ਵਿਚ ਜਾ ਕੇ ਕੰਮ ਕਰਨਾ ਜ਼ਰੂਰੀ ਸੀ। ਇਹ ਨਹੀਂ ਕਿ ਉਹ ਘਰ ਬੈਠੇ ਰਹਿਣ ਅਤੇ ਸੋਚਣ ਕਿ ਕੋਈ ਉਨ੍ਹਾਂ ਨੂੰ ਦੇ ਦਵੇ। ਉਨ੍ਹਾਂ ਨੂੰ ਦੂਜਿਆਂ ਦੇ ਦਾਨ ਦਾ ਫ਼ਾਇਦਾ ਲੈਣ ਲਈ ਕੋਸ਼ਿਸ਼ ਕਰਨੀ ਜ਼ਰੂਰੀ ਸੀ, ਪਰ ਆਪਣੇ ਗੁਆਂਢੀਆਂ ਨੂੰ ਆਪਣੇ ਜਿਹਾ ਪਿਆਰ ਕਰਨ ਵਾਲਿਆਂ ਨੇ ਅਜਿਹਾ ਕੰਗਾਲਾਂ ਦੀ ਲੋੜ ਨੂੰ ਪੂਰਾ ਕਰਨ ਲਈ ਕਰਨਾ ਸੀ।

**ਪਰਦੇਸੀ**

ਲੋਕਾਂ ਦੀ ਇਕ ਹੋਰ ਜਮਾਤ ਜਿਸ ਨਾਲ ਇਸਰਾਏਲੀਆਂ ਲਈ ਆਪਣਾ ਪਿਆਰ ਵਿਖਾਉਣਾ ਜ਼ਰੂਰੀ ਸੀ, ਉਹਨੂੰ ''ਓਪਰੇ'' ਕਿਹਾ ਗਿਆ ਹੈ। ਇਹ ਸ਼ਬਦ ਉਨ੍ਹਾਂ ਗੈਰ–ਇਸਰਾਏਲੀਆਂ (ਪਰਾਈਆਂ ਕੌਮਾਂ) ਲਈ ਹੈ ਜਿਹੜੇ ਇਸਰਾਏਲੀਆਂ ਦੇ ਵਿਚਕਾਰ ਰਹਿੰਦੇ ਸਨ। ਪਰਮੇਸ਼ੁਰ ਨੇ ਕਿਹਾ ਸੀ ਕਿ ਖੇਤ ਦੀਆਂ ਨੁੱਕਰਾਂ ਅਤੇ ਸਿੱਟੇ ਕੰਗਾਲਾਂ ਦੇ ਨਾਲ ਨਾਲ ਪਰਦੇਸੀਆਂ ਲਈ ਵੀ ਛੱਡ ਦਿੱਤੇ ਜਾਣ (19:10)। ਇਸ ਹੁਕਮ ਦੇ ਪਿੱਛੇ ਮਾਨਤਾ ਇਹ ਹੈ ਕਿ ਇਸਰਾਏਲੀਆਂ ਵਿਚ ਰਹਿਣ ਵਾਲੇ ਪਰਦੇਸੀ ਬੇਜ਼ਮੀਨੇ ਹੁੰਦੇ ਸਨ ਅਤੇ ਉਨ੍ਹਾਂ ਕੋਲ ਆਪਣੇ ਇੰਤਜ਼ਾਮ ਕਰਨ ਦਾ ਮੌਕਾ ਨਹੀਂ ਹੁੰਦਾ ਹੋਵੇਗਾ। ਇਸ ਕਰਕੇ ਉਹ ਕੰਗਾਲ ਹੁੰਦੇ ਹੋਣਗੇ ਅਤੇ ਆਪਣੇ ਖੇਤਾਂ ਦੀਆਂ ਨੁੱਕਰਾਂ ਵਿਚ ਸਿੱਟੇ ਛੱਡ ਦਿੱਤੇ ਜਾਣ ਵਾਲੇ ਕਿਸਾਨਾਂ ਦੀ ਖੈਰਾਤ ਤੇ ਨਿਰਭਰ ਹੁੰਦੇ ਹੋਣਗੇ।

ਇਸ ਤੋਂ ਇਲਾਵਾ ਪਰਮੇਸ਼ੁਰ ਨੇ ਆਪਣੀ ਚੁਣੀ ਹੋਈ ਕੌਮ ਨੂੰ ਇਨ੍ਹਾਂ ਗੈਰ–ਇਸਰਾਏਲੀਆਂ ਨਾਲ ਉਵੇਂ ਹੀ ਵਿਹਾਰ ਕਰਨ ਦਾ ਹੁਕਮ ਦਿੱਤਾ ਜਿਵੇਂ ਉਹ ਆਪਣੇ ਸਾਥੀ ਇਸਰਾਏਲੀਆਂ ਨਾਲ ਕਰਦੇ ਸਨ ਭਾਵ ਇਹ ਕਿ ਉਹ ਉਨ੍ਹਾਂ ਨਾਲ ਉਵੇਂ ਹੀ ਪਿਆਰ ਕਰਨ ਜਿਵੇਂ ਉਹ ਆਪਣੇ ਲੋਕਾਂ

ਨਾਲ ਕਰਦੇ ਸਨ। ਇਸਰਾਏਲੀਆਂ ਨੂੰ ਪਰਦੇਸੀ ਨੂੰ ਪਿਆਰ ਕਰਨ ਦਾ ਹੁਕਮ ਦੇਣ ਦਾ ਇਕ ਕਾਰਣ ਇਹ ਹੈ ਕਿ ਉਹ ਆਪ ਕਦੇ ''ਓਪਰੇ'' ਜਾਂ ''ਪਰਦੇਸੀ'' ਸਨ, ਜਦ ਉਹ ਮਿਸਰ ਦੇਸ ਵਿਚ ਰਹਿੰਦੇ ਸਨ। ਇਸਰਾਏਲੀਆਂ ਦੇ ਤਜਰਬਿਆਂ ਨੇ ਉਨ੍ਹਾਂ ਨੂੰ ਓਪਰਿਆਂ ਅਤੇ ਪਰਦੇਸੀਆਂ ਦੇ ਪ੍ਰਤੀ ਵਧੇਰੇ ਸਮਝ ਰੱਖਣ ਵਾਲੇ ਅਤੇ ਵਿਚਾਰ ਕਰਨ ਵਾਲੇ ਬਣਾ ਦਿੱਤਾ ਹੋਵੇਗਾ। ਗੈਰ ਕੌਮਾਂ ਨਾਲ ਯਹੂਦੀਆਂ ਦੇ ਰਹਿਮ ਭਰੇ ਰਵੱਈਏ ਦਾ ਕਾਰਣ ਪਰਮੇਸ਼ੁਰ ਦੀ ਸ਼ਰ੍ਹਾ ਨਹੀਂ ਸੀ। ਪਰਮੇਸ਼ੁਰ ਸਾਥੋਂ ਹਰ ਤਰ੍ਹਾਂ ਦੇ ਲੋਕਾਂ ਨਾਲ ਪਿਆਰ ਜਤਾਉਣ ਦੀ ਇੱਛਾ ਕਰਦਾ ਹੈ ਭਾਵੇਂ ਉਹ ਗ਼ਰੀਬ ਹੋਣ ਜਾਂ ਅਮੀਰ, ਕਿਸੇ ਵੀ ਰੰਗ ਜਾਂ ਕੌਮ ਦੇ ਕਿਉਂ ਨਾ ਹੋਣ।

**ਕਾਰੋਬਾਰੀ ਲੋਕ**

ਅਖ਼ੀਰ ਵਿਚ ਲੇਵੀਆਂ ਦੀ ਪੋਥੀ 19 ਵਿਚ ਇਸਰਾਏਲੀਆਂ ਦੇ ਕਾਰੋਬਾਰੀ ਰਿਸ਼ਤਿਆਂ ਦੀ ਗੱਲ ਕੀਤੀ ਗਈ ਹੈ। ਆਇਤਾਂ 35 ਅਤੇ 36 ਵਿਚਲੇ ਨਿਯਮਾਂ ਵਿਚ ਵਪਾਰੀਆਂ ਨੂੰ ਲੋਕਾਂ ਨਾਲ ਚੰਗੀ ਤਰ੍ਹਾਂ ਨਾਲ ਪੇਸ਼ ਆਉਣ ਲਈ ਕਿਹਾ ਗਿਆ। ਦੂਜਿਆਂ ਨਾਲ ਪਿਆਰ ਕਰਨ ਲਈ ਜ਼ਰੂਰੀ ਸੀ ਕਿ ਉਹ ਆਪਣੇ ਵਪਾਰਿਕ ਸੌਦਿਆਂ ਵਿਚ ਉਨ੍ਹਾਂ ਨਾਲ ਈਮਾਨਦਾਰੀ ਨਾਲ ਪੇਸ਼ ਆਉਣ ਭਾਵੇਂ ਉਹ ਕੁਝ ਖ਼ਰੀਦ ਰਹੇ ਹੋਣ ਜਾਂ ਆਪਣਾ ਸਮਾਨ ਵੇਚ ਰਹੇ ਹੋਣ।

ਇਸਰਾਏਲੀਆਂ ਲਈ ਆਪਣੇ ਆਪਣੇ ਕਾਰੋਬਾਰ ਵਿਚ ਨਾਪ ਤੋਲ ਵਿਚ ਈਮਾਨਦਾਰੀ ਵਰਤਣੀ ਜ਼ਰੂਰੀ ਸੀ। ਸ਼ਰ੍ਹਾ ਗਾਹਕਾਂ ਨੂੰ ਧੋਖਾ ਦੇਣ ਲਈ ਘੱਟ ਤੋਲਣ ਦੀ ਮਨਾਹੀ ਕਰਦੀ ਹੈ। ਅਜਿਹਾ ਕਰਨ ਵਾਲੇ ਹਰ ਵਿਅਕਤੀ ਲਈ ਸਜ਼ਾ ਸੀ। ਇਸਰਾਏਲੀਆਂ ਲਈ ਹਰ ਵਾਰੀ ਖ਼ਰੀਦ–ਫ਼ਰੋਖ਼ਤ ਕਰਨ ਵੇਲੇ ਦੂਜਿਆਂ ਨਾਲ ਈਮਾਨਦਾਰੀ ਨਾਲ ਅਤੇ ਖਰਿਆਈ ਨਾਲ ਸੌਦਾ ਦੇਣਾ ਜ਼ਰੂਰੀ ਹੁੰਦਾ ਸੀ।

ਅੱਜ ਸਾਨੂੰ ਆਪਣੇ ਹਰ ਵਿਹਾਰ ਵਿਚ ਭਾਵੇਂ ਉਹ ਸਮਾਜਿਕ ਜ਼ਿੰਦਗੀ ਵਿਚ ਹੋਵੇ, ਕਲੀਸੀਆ ਦੇ ਕੰਮ ਵਿਚ ਹੋਵੇ ਜਾਂ ਕਾਰੋਬਾਰ ਵਿਚ, ਈਮਾਨਦਾਰ ਹੋਣਾ ਚਾਹੀਦਾ ਹੈ (ਰੋਮੀਆਂ 12:17; 2 ਕੁਰਿੰਥੀਆਂ 8:21; 1 ਪਤਰਸ 2:12)। ਇਸ ਨਾਲੋਂ ਵੀ ਵਧ ਕੇ ਆਪਣਾ ਕਾਰੋਬਾਰ ਕਰਦਿਆਂ ਸਾਨੂੰ ਦੂਜਿਆਂ ਦੇ ਭਲੇ ਲਈ ਇਕ ਕਦਮ ਵਧ ਕੇ ਕੋਸ਼ਿਸ਼ ਕਰਨੀ ਚਾਹੀਦੀ ਹੈ।

ਕਿਹਾ ਗਿਆ ਹੈ, ''ਵਪਾਰ ਦਾ ਕੰਮ ਪੈਸਾ ਕਮਾਉਣਾ ਹੈ।'' ਸ਼ਾਇਦ ਇਸ ਗੱਲ ਵਿਚ ਥੋੜ੍ਹੀ ਸਚਿਆਈ ਹੈ। ਕਿਉਂਕਿ ਘੱਟੋ–ਘੱਟ ਅਸੀਂ ਇਹ ਤਾਂ ਆਖ ਸਕਦੇ ਹਾਂ ਕਿ ਜੇ ਕਿਸੇ ਨੂੰ ਆਪਣੇ ਵਪਾਰ ਵਿੱਚੋਂ ਕੁਝ ਬਚਦਾ ਨਹੀਂ ਤਾਂ ਉਹ ਬਹੁਤੀ ਦੇਰ ਤਕ ਉਸ ਕਾਰੋਬਾਰ ਵਿਚ ਟਿਕਿਆ ਨਹੀਂ ਰਹੇਗਾ। ਪਰ ਲੇਵੀਆਂ 19 ਇਹ ਸਾਫ਼ ਸਿਖਾਉਂਦਾ ਹੈ ਕਿ ਵਪਾਰੀ ਦੀ ਜਿਹੜਾ ਦੂਜਿਆਂ ਨਾਲ ਆਪਣੇ ਜਿਹਾ ਪਿਆਰ ਕਰਦਾ ਹੈ, ਦਿਲਚਸਪੀ ਨਿਰੀ ਪੈਸਾ ਕਮਾਉਣਾ ਨਹੀਂ ਹੈ।

ਇਸਰਾਏਲੀ ਕਿਸਾਨ ਜਾਂ ਵਪਾਰੀ ਨੂੰ ਅਜਿਹੀਆਂ ਰੀਤਾਂ ਨੂੰ ਮੰਨਣ ਲਈ ਆਖਿਆ ਜਾਂਦਾ ਸੀ ਜਿਨ੍ਹਾਂ ਤੋਂ ਇਹ ਲਗਦਾ ਹੋਵੇ ਕਿ ਉਸ ਦਾ ਲਾਭ ਵਧਣ ਦੀ ਬਜਾਇ ਘਟ ਰਿਹਾ ਹੈ। (1) ਉਹਦੇ ਲਈ ਫ਼ਸਲ ਦਾ ਕੁਝ ਹਿੱਸਾ ਕੰਗਾਲਾਂ ਲਈ ਛੱਡਣਾ ਜ਼ਰੂਰੀ ਸੀ। (2) ਉਹਦੇ ਲਈ ਆਪਣੇ ਮਜ਼ਦੂਰਾਂ ਨੂੰ ਸਮੇਂ ਸਿਰ ਮਜ਼ਦੂਰੀ ਦੇਣੀ ਜ਼ਰੂਰੀ ਸੀ। (3) ਉਹਦੇ ਲਈ ਇਹ ਯਕੀਨੀ ਬਨਾਉਣਾ ਜ਼ਰੂਰੀ ਸੀ ਕਿ ਉਹਦੇ ਵੱਟੇ ਅਤੇ ਨਾਪ ਬਿਲਕੁਲ ਸਹੀ ਹਨ।

ਸੰਖੇਪ ਵਿਚ ਦੂਜਿਆਂ ਨਾਲ ਪਿਆਰ ਕਰਨ ਦਾ ਮਤਲਬ ਸਿਰਫ਼ ਦੂਜਿਆਂ ਬਾਰੇ ਚੰਗਾ ਸੋਚਣਾ ਜਾਂ ਉਨ੍ਹਾਂ ਨੂੰ ਇਹ ਕਹਿਣਾ ਹੀ ਨਹੀਂ ਹੈ ਕਿ ''ਮੈਂ ਤੈਨੂੰ ਪਿਆਰ ਕਰਦਾ ਹਾਂ।'' ਦੂਜਿਆਂ ਨਾਲ ਆਪਣੇ ਜਿਹਾ ਪਿਆਰ ਕਰਨਾ ਦਾ ਮਤਲਬ ਹਰ ਤਰ੍ਹਾਂ ਦੇ ਲੋਕਾਂ ਲਈ ਭਲਾ ਕਰਨਾ ਭਾਵੇਂ ਉਹ ਸਾਡੇ ਦੁਸ਼ਮਣ ਹਣ, ਸਾਡੇ ਆਪਣੇ ਪਰਿਵਾਰ ਦੇ ਲੋਕ ਅਤੇ ਦੋਸਤ, ਸਾਡੇ ਮਾਤਾ ਪਿਤਾ, ਬਜ਼ੁਰਗ, ਕਰਮਚਾਰੀ, ਕਾਨੂੰਨੀ ਮੁਕੱਦਮਿਆਂ ਵਿਚ ਨਿਆਂ ਕੀਤੇ ਜਾਣ ਵਾਲੇ, ਅਪਾਹਿਜ, ਸਾਡੀ ਬਰਾਦਰੀ ਤੋਂ ਬਾਹਰ ਦੇ

ਲੋਕ, ਕੰਗਾਲ, ਵਪਾਰ ਵਿਚ ਸਾਡੇ ਨਾਲ ਰੋਜ਼ ਪੇਸ਼ ਆਉਣ ਵਾਲੇ ਲੋਕ ਹੋਣ।

## ਸਾਰ

ਹਰ ਇਸਰਾਏਲੀ ਨੂੰ ਹੁਕਮ ਸੀ ਕਿ ''ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰੇ'' (19:18)। ਇਕ ਕੌਮ ਅਤੇ ਲੋਕਾਂ ਦੇ ਰੂਪ ਵਿਚ ਕੌਮਾਂ ਵਿਚਕਾਰ ਆਪਣੀ ਪਛਾਣ ਬਣਾਈ ਰੱਖਣ ਅਤੇ ਆਪਣੇ ਸਾਰੇ ਸਬੰਧਾਂ ਵਿਚ ਹਰ ਤਰ੍ਹਾਂ ਦੇ ਲੋਕਾਂ ਦਾ ਭਲਾ ਕਰਨ ਲਈ ਉਨ੍ਹਾਂ ਲਈ ਉਨ੍ਹਾਂ ਨੂੰ ਮੰਨਣਾ ਜ਼ਰੂਰੀ ਸੀ ਜਿਨ੍ਹਾਂ ਨੂੰ ਅਸੀਂ ਦਸ ਹੁਕਮ ਕਰਕੇ ਜਾਣਦੇ ਹਾਂ। ਜੇ ਅਸੀਂ ਆਪਣੇ ਗੁਆਂਢੀਆਂ ਨਾਲ ਆਪਣੇ ਜਿਹਾ ਪਿਆਰ ਕਰਦੇ ਹਾਂ ਤਾਂ ਅਸੀਂ ਦੂਜਿਆਂ ਲੋਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਾਂਗੇ, ਪਰਮੇਸ਼ੁਰ ਦੇ ਲੋਕਾਂ ਦੇ ਰੂਪ ਵਿਚ ਆਪਣੀ ਵਿਲੱਖਣ ਪਛਾਣ ਬਣਾਈ ਰੱਖਣ ਦੀ ਕੋਸਿਸ਼ ਕਰਾਂਗੇ ਅਤੇ ਹਰ ਹਾਲਾਤ ਵਿਚ ''ਸਭਨਾਂ ਨਾਲ ਭਲਾ'' ਕਰਾਂਗੇ (ਗਲਾਤੀਆਂ 6:10)।

ਦੂਜਿਆਂ ਨਾਲ ਇਨ੍ਹਾਂ ਤਰੀਕਿਆਂ ਨਾਲ ਪਿਆਰ ਵਿਖਾਉਣਾ ਕਿਉਂ ਜ਼ਰੂਰੀ ਸੀ? ਯਹੋਵਾਹ ਦੇ ਕਾਰਣ! ਬਾਰ-ਬਾਰ ਅਸੀਂ ''ਮੈਂ ਯਹੋਵਾਹ ਹਾਂ'' ਵਾਕ ਨੂੰ ਕਈ ਤਰੀਕਿਆਂ ਨਾਲ ਲਿਖਿਆ ਪੜ੍ਹਦੇ ਹਾਂ। ਖ਼ੁਦਾ ਦੇ ਕਹਿਣ ਦਾ ਮਤਲਬ ਇਹ ਹੋ ਸਕਦਾ ਹੈ, ''ਇਹ ਕਰੋ ਕਿਉਂ ਜੋ ਮੈਂ ਯਹੋਵਾਹ ਹਾਂ: ਮੈਨੂੰ ਹੱਕ ਹੈ ਕਿ ਮੈਂ ਤੁਹਾਨੂੰ ਹੁਕਮ ਦਿਆਂ ਅਤੇ ਜੇ ਤੁਸੀਂ ਮੇਰਾ ਹੁਕਮ ਨਹੀਂ ਮੰਨਦੇ ਤਾਂ ਤੁਹਾਨੂੰ ਸਜ਼ਾ ਮਿਲੇਗੀ।'' ਬਹੁਤੀ ਸੰਭਾਵਨਾਂ ਹੈ ਕਿ ਉਹ ਇਹ ਆਖ ਰਿਹਾ ਹੋਵੇ, ''ਜੋ ਮੈਂ ਹਾਂ ਉਸ ਦੇ ਕਾਰਣ ਇਹ ਕਰੋ। ਮੈਂ ਪਵਿੱਤਰ ਯਹੋਵਾਹ ਹਾਂ। ਮੈਂ ਮਨੁੱਖ ਜਾਤੀ ਨਾਲ ਪਿਆਰ ਨਾਲ ਕੰਮ ਕਰਦਾ ਹਾਂ। ਇਸ ਕਰਕੇ ਮੇਰੇ ਪਵਿੱਤਰ ਲੋਕ ਹੋਣ ਕਰਕੇ ਤੁਹਾਨੂੰ ਵੀ ਮਨੁੱਖ ਜਾਤੀ ਨਾਲ ਪਿਆਰ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਵੀ ਪਤਾ ਲਗ ਸਕੇ ਕਿ ਮੈਂ ਪਿਆਰ ਕਰਨ ਵਾਲਾ ਪਰਮੇਸ਼ੁਰ ਹਾਂ।'' ਜਦ ਅਸੀਂ ਆਪਣੇ ਗੁਆਂਢੀਆਂ ਨਾਲ ਆਪਣੇ ਜਿਹਾ ਪਿਆਰ ਕਰਦੇ ਹਾਂ, ਤਾਂ ਲੋਕਾਂ ਨੂੰ ਸਾਡਾ ਪਿਆਰ ਨਜ਼ਰ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪਿਆਰ ਦਾ ਕੁਝ ਪਤਾ ਲੱਗਣਾ ਚਾਹੀਦਾ ਹੈ। ਸਾਡੇ ਉੱਤੇ ਕਿੰਨੀ ਵੱਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਰਾਹੀਂ ਪਰਮੇਸ਼ੁਰ ਦੇ ਪਿਆਰ ਨੂੰ ਲੋਕਾਂ ਉੱਤੇ ਚਮਕਾਈਏ!

ਕੋਏ ਡੀ. ਰੋਪਰ

---

ਟਿੱਪਣੀਆਂ

[1]ਅਧਿਆਇ 19 ਦੇ ਸੰਗਠਿਤ ਕੀਤੇ ਜਾਣ ਸਬੰਧੀ, ਆਰ. ਕੇ. ਹੈਰਿਸਨ ਨੇ ਲਿਖਿਆ ਹੈ, ''ਭਾਵੇਂ ਇਸ ਭਾਗ ਵਿਚ ਇਖ਼ਲਾਕੀ, ਕਾਨੂੰਨੀ, ਰਸਮੀ ਅਤੇ ਆਤਮਿਕ ਨਿਯਮਾਂ ਦੀ ਗੱਲ ਵੱਡੇ ਪੱਧਰ ਤੇ ਇਵੇਂ ਕੀਤੀ ਗਈ ਹੈ ਜਿਸ ਨਾਲ ਇਹ ਬੇਤਰਤੀਬਾ ਲਗਦਾ ਹੈ ਪਰ ਅਸਲ ਵਚ ਇਸ ਨੂੰ ਸੋਲਾਂ ਵੱਖੋ-ਵੱਖ ਪੈਰ੍ਹਿਆਂ ਵਿਚ ਤਰਤੀਬ ਦਿੱਤੀ ਗਈ ਹੈ ਜਿਨ੍ਹਾਂ ਵਿਚ ਹਰੇਕ ਪੈਰ੍ਹੇ *ਮੈਂ ਯਹੋਵਾਹ (ਤੁਹਾਡਾ ਪਰਮੇਸ਼ੁਰ)* ਵਾਕ ਖੰਡ ਨਾਲ ਖਤਮ ਹੁੰਦਾ ਹੈ। ਇਨ੍ਹਾਂ ਪੈਰ੍ਹਿਆਂ ਨੂੰ ਚਾਰ, ਚਾਰ ਅਤੇ ਅੱਠ ਇਕਾਈਆਂ ਦੇ ਇਕਸਾਰ ਤਿੰਨ ਭਾਗਾਂ ਵਿਚ ਤਰਤੀਬ ਦਿੱਤਾ ਗਿਆ ਹੈ (2-10; 11-18; 19-37)'' (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇਸ: ਇੰਟਰ-ਵਰਸਿਟੀ ਪ੍ਰੈੱਸ, 1980], 195)। ਵੇਖੋ ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 263-64. [2]ਇਕ ਉਦਾਹਰਣ ਲਈ ਕਿ ਇਕ ਘਟਨਾ ਵਿਚ ਮਰੁੰਡਾ ਜਾਂ ਸਿਲਾ ਚੁਗਣ ਨਾਲ ਸਬੰਧੀ ਇਹ ਨਿਯਮ ਕਿਵੇਂ ਕੰਮ ਕਰਦਾ ਸੀ, ਵੇਖੋ ਰੂਥ 2. [3]ਜੌਰਜ ਏ. ਐੱਫ਼. ਨਾਈਟ, *ਲੇਵੀਆਂ ਦੀ ਪੋਥੀ*, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1981), 119. [4]ਵੇਖੋ ਕੋਏ ਡੀ. ਰੋਪਰ, *ਕੂਚ*,

ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 327. [5]ਕਲਾਈਡ ਐੱਮ. ਵੂਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2 (ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 47. [6]ਇਸ ਆਇਤ ਵਿਚ ''ਲੱਕ ਬੰਨ੍ਹਣਾ'' ਮੂਲ ਵਿਚ ਵਿਰੁੱਧ ਖਲੋਣਾ ਹੈ। ''ਖਲੋਣ'' ਲਈ ਇਬਰਾਨੀ ਸ਼ਬਦ ***'amad*** (*ਅਮਾਦ*) ਹੈ। [7]ਹੈਰਿਸਨ, 198–99. ਜੌਨ ਐੱਚ. ਹੇਅਸ ਨੇ ਸੁਝਾਅ ਦਿੱਤਾ ਹੈ ਕਿ ਪਿਛਲੀ ਆਇਤ ਵਾਂਗ ਇਹ ਨਿਯਮ ਕਾਨੂੰਨੀ ਸਥਿਤੀ ਲਈ ਵਰਤਿਆ ਜਾਂਦਾ ਸੀ ਅਤੇ ਇਸ ਦਾ ਅਰਥ ਇਹ ਸੀ ਕਿ ਇਸਰਾਏਲੀ ਵਿਅਕਤੀ ''ਉਸ ਕੋਲ ਇਸ ਗੱਲ ਦਾ ਸਬੂਤ ਹੋਣ ਤੇ ਜੋ ਕਿਸੇ ਗੁਆਂਢੀ ਦੀ ਮੌਤ ਦੀ ਸਜ਼ਾ ਦੇ ਮਾਮਲੇ ਨੂੰ ਪ੍ਰਭਾਵਿਤ ਕਰ ਸਕਦਾ ਸੀ ਖਾਮੋਸ਼ੀ ਨਹੀਂ ਵੱਟ ਸਕਦਾ ਸੀ (ਆਇਤ 16; ਵੇਖੋ 5:1)'' (*ਹਾਰਪਰ'ਜ਼ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ [ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1988], 173) ਵਿਚ ਜੌਨ ਐੱਚ. ਹੇਅਸ,''ਲੇਵੀਆਂ ਦੀ ਪੋਥੀ।'' [8]*ਦ ਇੰਟਰਪ੍ਰੇਟਰ'ਜ਼ ਵਨ–ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐੱਮ. ਲੈਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 79 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।'' [9]''ਅੱਖ ਦੇ ਬਦਲੇ ਅੱਖ'' ਦੇ ਨਿਯਮ ਦੀ ਪੂਰੀ ਚਰਚਾ ਰੋਪਰ, 354–57 ਵਿਚ ਕੀਤੀ ਗਈ ਹੈ। [10]*ਦ ਐਕਸਪੋਜ਼ਿਟਰਜ਼ ਬਾਈਬਲ ਕਮੈਂਟਰੀ*, ਭਾਗ 2, *ਜੈਨਸਿਸ–ਨੰਬਰਜ਼*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲੀਸ਼ਿੰਗ ਹਾਊਸ, 1990), 606–7 ਵਿਚ ਆਰ. ਲੇਅਰਡ ਹੈਰਿਸ, ''ਲੇਵਿਟਿਕਸ।''

[11]ਆਦਮੀ ਦੇ ਕਿਸੇ ਗੋੱਲੀ ਨਾਲ ਸੈਕਸ ਕਰਨ ਨੂੰ (ਕਿਸੇ ਆਦਮੀ ਦੀ ਤੀਵੀਂ ਨਾਲ ਸੰਗ ਕਰਨ ਵਾਂਗ) ਵਿਭਚਾਰ ਨਾਲ ਨਹੀਂ ਮਿਲਾਇਆ ਜਾਂਦਾ ਸੀ। [12]ਇਬਰਾਨੀ ਸ਼ਬਦ ***'arel*** (*ਅਰੇਲ*) ਜਿਸ ਦਾ ਮੂਲ ਅਨੁਵਾਦ ''ਅਸੁੰਨਤੀ'' ਹੈ। [13]ਬਾਬਲ ਦੇ ਇਕ ਪੁਰਾਤਨ ਨਿਯਮ ਦੇ ਮੁਤਾਬਿਕ, ਬਾਗ ਨੂੰ ਤਿਆਰ ਕਰਨ ਵਿਚ ਚਾਰ ਕੁ ਸਾਲ ਲਗ ਜਾਂਦੇ ਸਨ। (*ਕੋਡ ਆਫ਼ ਹਾਮੂਰਾਬੀ* 60.) [14]ਇਸ ਹਵਾਲੇ ਦੇ ਸਬੰਧ ਵਿਚ, ਵਾਰੇਨ ਡਬਲਯੂ. ਵਿਅਰਸਬੇ ਨੇ ਲਿਖਿਆ ਹੈ, ''ਚੌਥੇ ਸਾਲ ਤਕ, ਫਲ ਜ਼ਿਆਦਾ ਤਿਆਰ ਹੋ ਜਾਂਦਾ ਸੀ, ਕਿਉਂ ਜੋ ਬੀਜੇ ਜਾਣ ਤੋਂ ਬਾਅਦ ਇਹ ਤੀਜੀ ਫ਼ਸਲ ਹੁੰਦੀ ਸੀ। ਇਸ ਕਰਕੇ ਇਹ ਖ਼ੁਦਾ ਦੀ ਹੁੰਦੀ ਸੀ। ਪਹਿਲੇ ਫਲ ਹਮੇਸ਼ਾ ਓਸੇ ਦੇ ਹੋਣ (ਕਹਾਉਤਾਂ 3:9–10)'' (ਵਾਰੇਨ ਡਬਲਯੂ. ਵਿਅਰਸਬੇ, *ਬੀ ਹੋਲੀ* [ਵ੍ਹੀਟਨ, ਇਲਿਨੋਇ: ਵਿਕਟਰ ਬੁਕਸ, 1994], 87)। [15]ਵੈਨਹਮ, 271. [16]ਇਸ ਆਇਤ ਦੇ ਸਬੰਧ ਵਿਚ ਵੈਨਹਮ ਨੇ ਲਿਖਿਆ, ''ਪਵਿੱਤਰਤਾਈ ਵਿਚ ਆਦਮੀ ਦੀ ਜ਼ਿੰਦਗੀ ਦੀ ਅਤੇ ਮਜ਼ਦੂਰੀ ਪੂਰੀ ਤਰ੍ਹਾਂ ਨਾਲ ਖੁਦਾ ਦੀ ਸੇਵਾ ਵਿਚ ਲੱਗੇ। ਇਸ ਦਾ ਸੰਕੇਤ ਸੱਤਾਂ ਵਿੱਚੋਂ ਇਕ ਦਿਨ ਦੇਣ ਅਤੇ ਸਾਰੀ ਉਪਜ ਦਾ ਦਸਵੰਧ ਦੇਣ ਅਤੇ ਖੇਤੀ ਦੀ ਹਰ ਪਹਿਲੀ ਫ਼ਸਲ ਅਰਪਣ ਕਰਨਾ ਵੀ ਸੀ। ਇਸ ਨਿਯਮ ਵਿਚ ਸਿਰਫ਼ ਫ਼ਸਲਾਂ ਹੀ ਨਹੀਂ (ਕੂਚ 23:19; ਲੇਵੀਆਂ 23:10; ਬਿਵਸਥਾ ਸਾਰ 26:1 ਤੋਂ) ਬਲਕਿ ਜਾਨਵਰ (ਕੂਚ 34:19–20; ਬਿਵਸਥਾ ਸਾਰ 15:19) ਅਤੇ ਬੱਚੇ ਵੀ ਆਉਂਦੇ ਸਨ (ਕੂਚ 13:2; ਗਿਣਤੀ 8:16 ਤੋਂ)।'' ਪੁਰਾਣੇ ਨੇਮ ਦਾ ਆਦਮੀ ਹਰ ਚੀਜ਼ ਦਾ ਪਹਿਲਾ ਹਿੱਸਾ ਖ਼ੁਦਾ ਨੂੰ ਦੇ ਕੇ, ਖੁੱਲ੍ਹੇਆਮ ਇਹ ਮੰਨਦਾ ਸੀ ਕਿ ਜੋ ਕੁਝ ਵੀ ਉਸ ਕੋਲ ਹੈ ਉਹ ਖ਼ੁਦਾ ਦਾ ਦਿੱਤਾ ਹੈ ਅਤੇ ਉਹਦੀਆਂ ਬਰਕਤਾਂ ਲਈ ਉਹ ਉਸ ਦੀ ਸ਼ੁਕਰਗੁਜ਼ਾਰੀ ਕਰਦਾ ਸੀ (1 ਇਤਹਾਸ 29:15)'' (ਉੱਥੇ ਹੀ)। [17]''ਮਰਨ ਵਾਲਿਆਂ'' ਮੁਰਦਿਆਂ ਦੀ ਮਦਦ ਦੀ ਇੱਛਾ ਜਾਂ ਭਲਿਆਈ ਜਾਂ ਮੁਰਦਿਆਂ ਦੇ ਕਹੇ ਮੁਤਾਬਿਕ ਕਰਨ ਦੀ ਬੁੱਤਪ੍ਰਸਤ ਰੀਤ ਦਾ ਸੰਕੇਤ ਹੋ ਸਕਦਾ ਹੈ। [18]ਹੈਰਿਸਨ ਨੇ ਕਿਹਾ, ''ਪੁੜਪੁੜੀਆਂ ਅਤੇ ਦਾੜ੍ਹੀ ਉੱਤੇ ਵਾਲਾਂ ਨੂੰ ਅਕਾਰ ਦੇਣ ..., ਜਾਂ ਚਮੜੀ ਉੱਤੇ ਚੀਰਾ ਦੇ ਕੇ ਸ਼ਕਲਾਂ ਬਨਾਉਣਾ, ਬੁੱਤਪ੍ਰਸਤਾਂ ਦੀਆਂ ਸੋਗ ਕਰਨ ਦੀਆਂ ਰੀਤਾਂ ਵਿਚ ਸ਼ਾਮਲ ਸਨ ਅਤੇ ਇਸ ਕਰਕੇ [ਇਸਰਾਏਲੀਆਂ ਨੂੰ] ਇਸ ਦੀ ਮਨਾਹੀ ਸੀ। ਚਮੜੀ ਦੀ ਸ਼ਕਲ ਵਿਗਾੜਨਾ ਜਿਸ ਵਿਚ ਸੰਭਵ ਤੌਰ ਤੇ ਕਾਫ਼ਿਰ ਦੇਵੀ ਦੇਵਤਿਆਂ ਦੇ ਕੁਝ ਨਿਸ਼ਾਨ ਹੋਣਗੇ, ਉਸ ਆਦਮੀ ਦੇ ਰੱਬੀ ਸਰੂਪ ਨੂੰ ਵਿਗਾੜਦੇ ਸਨ ਅਤੇ ਇਸ ਦੀ ਮਨਾਹੀ ਸੀ ਕਿਉਂ ਜੋ ਇਹ ਖ਼ੁਦਾ ਦੀ ਪਵਿੱਤਰਤਾਈ ਦੀ ਝਲਕ ਨਹੀਂ ਦਿੰਦੇ ਸਨ (ਤੁਲਨਾ ਬਿਵਸਥਾ ਸਾਰ 14:1–2)'' (ਹੈਰਿਸਨ, 201)। [19]ਉਦਾਹਰਣ ਲਈ 19:9,

10 ਵਿਚਲੇ ਨਿਯਮ (ਖੇਤ ਦੀਆਂ ਨੁੱਕਰਾਂ ਵਿੱਚੋਂ ਵਾਢੀ ਨਾ ਕਰਨਾ ਅਤੇ ਦਾਖਾਂ ਦੇ ਬਾਗਾਂ ਵਿੱਚੋਂ ਮਿਲਾ ਨਾ ਚੁਗਣਾ) ਇਸ ਗੱਲ ਦਾ ਪਤਾ ਦਿੰਦੇ ਸਨ ਕਿ ਗ਼ਰੀਬਾਂ ਅਤੇ ਲੋੜਵੰਦਾਂ ਲਈ ਲਗਾਅ ਵਿਖਾਉਣਾ ਚਾਹੀਦਾ ਹੈ। (ਨਾਈਟ, 119.) [20]ਇਹ ਹੁਕਮ ਮੱਤੀ 19:19; 22:39; ਮਰਕੁਸ 12:31, 33; ਲੂਕਾ 10:27; ਰੋਮੀਆਂ 13:9; ਗਲਾਤੀਆਂ 5:14; ਯਾਕੂਬ 2:8 ਵਿਚ ਦੁਹਰਾਇਆ ਗਿਆ ਹੈ।

[21]ਜਾਦੂ ਕਰਨ ਅਤੇ ਮਹੂਰਤ ਵੇਖਣ ਦੀ ਮਨਾਹੀ ਕਰਦੇ ਲੇਵੀਆਂ ਦੀ ਪੋਥੀ 19 ਵਾਲੇ ਨਿਯਮ ਪਹਿਲੇ ਅਤੇ ਦੂਜੇ ਹੁਕਮਾਂ ਦੇ ਨਾਲ ਵੀ ਜੋੜੇ ਜਾ ਸਕਦੇ ਹਨ (ਵੇਖੋ 19:26, 31)। [22]ਲੇਵੀਆਂ ਦੀ ਪੋਥੀ 19:19–37 ਦੀ ਆਪਣੀ ਚਰਚਾ ਦਾ ਅਰੰਭ ਹੈਰਿਸਨ ਨੇ ਇਹ ਆਖਦਿਆਂ ਕੀਤਾ, ''ਰੱਬੀ ਨਿਯਮਾਂ ਵਿਚ ਦਿੱਤੇ ਗਏ ਅਲਹਿਦੀ ਦੇ *ਨਿਯਮ* ਨੂੰ ਮੰਨਦੇ ਹੋਏ ਮੰਡਲੀ ਦੀ ਪਵਿੱਤਰਤਾ ਅਤੇ ਪਾਕੀਜ਼ਗੀ ਬਣਾਈ ਰੱਖਣੀ ਜ਼ਰੂਰੀ ਸੀ।'' ਉਹਨੇ ਇਹ ਵੀ ਆਖਿਆ, ''ਚੁਣੇ ਹੋਏ ਲੋਕਾਂ ਨੂੰ ਖ਼ੁਦਾ ਦੀ ਖ਼ਾਸ ਪਰਜਾ ਹੋਣ ਲਈ ਦੂਜੇ ਸਭ ਦੇਸ਼ਾਂ ਵਿੱਚੋਂ ਲਿਆਂਦਾ ਗਿਆ ਸੀ ਅਤੇ ਜੇ ਉਹ ਚਾਹੁੰਦੇ ਸਨ ਕਿ ਉਨ੍ਹਾਂ ਲਈ ਇਹ ਗੱਲਾਂ ਪੂਰੀਆਂ ਹੋਣ ਤਾਂ ਉਨ੍ਹਾਂ ਵਾਸਤੇ ਆਪਣੇ ਰੂਹਾਨੀ, ਇਖ਼ਲਾਕੀ ਅਤੇ ਸਮਾਜਿਕ ਨਿਰਾਲੇਪਨ ਨੂੰ ਬਣਾਈ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ'' (ਹੈਰਿਸਨ, 199–200)। [23]ਲੇਵੀਆਂ ਦੀ ਪੋਥੀ 19 ਵਿਚਲੇ ਹੋਰ ਨਿਯਮ ਇਸਰਾਏਲੀਆਂ ਦੀ ਵੱਖਰੀ ਪਛਾਣ ਬਣਾਈ ਰੱਖਣ ਨਾਲ ਵੀ ਸਬੰਧਿਤ ਹਨ। ਉਦਾਹਰਣਾਂ ਵਿਚ ਸੱਬਤ ਅਤੇ ਪਵਿੱਤਰ ਅਸਥਾਨ ਸਬੰਧੀ ਸ਼ਰਤਾਂ, ਜਾਦੂ–ਟੂਣੇ ਕਰਨ ਅਤੇ ਮਹੁਰਤਾਂ ਦੀ ਮਨਾਹੀ ਦੇ ਨਿਯਮ, ਮੇਲ ਬਲੀਆਂ ਸਬੰਧੀ ਨਿਯਮ ਅਤੇ ਇਸਰਾਏਲੀਆਂ ਨੂੰ ਆਪਣੀਆਂ ਧੀਆਂ ਵੇਸਵਾ ਬਣਨ ਲਈ ਨਾ ਦੇਣ ਦਾ ਹੁਕਮਨਾਮਾ। ਅਸਲ ਵਿਚ ਇਸ ਅਧਿਆਇ ਵਿਚ ਮਿਲਣ ਵਾਲੇ ਸਾਰੇ ਨਿਯਮ ਇਸਰਾਏਲੀਆਂ ਦੇ ਦੂਜੀਆਂ ਕੌਮਾਂ ਨਾਲੋਂ ਵੱਖਰੇ ਹੋਣ ਵਿਚ ਯੋਗਦਾਨ ਪਾਉਂਦੇ ਸਨ। [24]ਹੋ ਸਕਦਾ ਹੈ ਕਿ ਆਇਤ 13 ਦਾ ਦੂਜਾ ਹਿੱਸਾ ਆਇਤ ਪਹਿਲੇ ਦੇ ਹਿੱਸੇ ਹਿੱਸੇ ਨੂੰ ਸਮਝਾਉਣ ਲਈ ਹੋਵੇ। ਮਜ਼ਦੂਰ ਦੀ ਮਜ਼ਦੂਰ ਰੱਖਣਾ ਗੁਆਂਢੀ ਨਾਲ ਧੱਕਾ ਕਰਕੇ ਉਹਨੂੰ ਲੁੱਟਣਾ ਹੀ ਸੀ।